# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਕਿਲ੍ਹਾ ਅਨੰਦਗੜ੍ਹ ਸਾਹਿਬ (ਸ੍ਰੀ ਅਨੰਦਪੁਰ) ਹੋਲੇ ਮਹੱਲੇ ਦੀ ਅਰੰਭਕ ਯਾਦ

ਇਸ ਦੀ ਨਵੀਂ ਉਸਾਰੀ ਸੰਤ ਬਾਬਾ ਸੇਵਾ ਸਿੰਘ ਜੀ ਕਰਾ ਰਹੇ ਹਨ ।

ਮਾਰਚ ੧੯੭੭

MAR 1977



ਇਹ ਕਿਲ੍ਹਾ ਦਸਮੇਸ਼ ਜੀ ਦਾ ਯੁਧ-ਕੇਂਦਰ ਸੀ,
ਇਸ ਵਿਚ ਜਲ ਦੀ ਸਪਲਾਈ ਲਈ ਇਕ ਵਿਸ਼ਾਲ ਬਾਉਲੀ ਕਾਇਮ ਕੀਤੀ ਹੋਈ ਹੈ । ਇਸ ਕਿਲ੍ਹੇ ਤੇ ਬਾਉਲੀ
ਅੰਦਰ ਬੇਅੰਤ ਫੌਜਾਂ ਦੀ ਸਮਾਈ ਹੋ ਸਕਦੀ ਹੈ, ਜਿਥੇ ਦੁਸ਼ਮਨ ਦਾ ਕੋਈ ਵਾਰ ਵੀ ਕਾਰਗਰ ਨਹੀਂ ਹੋ ਸਕਦਾ ।
ਇਸ ਕਿਲ੍ਹੇ ਨਾਲ ਅਸਚਰਜ ਤੇ ਵੈਰਾਗਮਈ ਘਟਨਾਵਾਂ ਸੰਬੰਧਤ ਹਨ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਗੁਲਿ ਹੋਲੀ (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਹੋਲੀ ਦਾ ਫੁੱਲ (ਫ਼ਾਰਸੀ ਗ਼ਜ਼ਲ ਦਾ ਪੰਜਾਬੀ ਅਨੁਵਾਦ) | ਸ: ਵਿਧਾਤਾ ਸਿੰਘ ਜੀ ਤੀਰ | ੨ |
| ਖ਼ਾਲਸੇ ਦਾ ਹੋਲਾ (ਗ਼ਜ਼ਲ ਦੀ ਵਿਆਖਿਆ) | ਸੂਰਾ ਪਰਵਾਰ | ੩ |
| ਸਚੀ ਸੂਰਮਤਾਈ | ਭਾਈ ਸਾਹਿਬ ਰਣਧੀਰ ਸਿੰਘ ਜੀ | ੪ |
| ਗੁਰਦਵਾਰਿਆਂ ਦੇ ਦਰਸ਼ਨ-ਦੀਦਾਰ ਤੇ ਸ਼ਸਤਰਾਂ ਦਾ ਸਤਿਕਾਰ | ,, ,, ,, | ੭ |
| ਮਨੁੱਖਾ ਜਨਮ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੧੦ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੧੨ |
| ਸਾਝ ਕਰੀਜੈ ਗੁਣਹ ਕੇਰੀ | ਇਕ ਦਰਦੀ ਹਿਰਦੇ ਦੀ ਅਵਾਜ਼ | ੧੭ |
| ਕੇਸਰੀ ਨਿਸ਼ਾਨ (ਕਵਿਤਾ) | ਗਿਆਨੀ ਗੋਪਾਲ ਸਿੰਘ ਜੀ ਮਿਤਰ | ੨੦ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ | ਭਾਈ ਸਾਹਿਬ ਡਾ: ਵੀਰ ਸਿੰਘ ਜੀ | ੨੧ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ | ,, ,, ,, | ੨੪ |
| ਮਾਸ ਸ਼ਰਾਬ ਸੇਵਨ ਦੀ ਕੁਵਾਦੀ ਪੰਥ ਵਿਚ ਕਦੋਂ ਤੇ ਕਿਵੇਂ ਪਈ ? | ਜੇ. ਪੀ. ਸੰਗਤ ਸਿੰਘ ਜੀ | ੨੭ |
| ਭਾਇ ਭਗਤਿ ਗੁਰਪੁਰਬ ਕਰੰਦੇ | ਸ: ਮਾਲਕ ਸਿੰਘ ਜੀ, ਜੰਮੂ | ੩੨ |
| ਅਣਖ ਦੇ ਰਾਖੇ ਦੀ ਆਪਣੀ ਅਣਖ ਦਾ ਦਿਵਾਲਾ | ਸੂਰਾ ਪਰਵਾਰ | ੩੭ |
| ਹੋਲੀ ਤੇ ਹੋਲਾ ਮਹੱਲਾ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੩੮ |
| 'ਬਾਮੁਲਾਹਜ਼ਾ ਹੁਸ਼ਿਆਰ' ਵਿਚ ਸਿਖ ਧਰਮ ਤੇ ਸਿਧੇ ਹਮਲੇ | ਖ਼ਾਲਸਾ ਸਮਾਚਾਰ | ੩੯ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ ਇਤਿਹਾਸਕ ਨਿਰਣਾ | ਸੂਰਾ ਪਰਵਾਰ | ੪੦ |


## ਗੁਰਪੁਰਬ

| | |
|---|---|
| ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਗੁਰਿਆਈ ਮਿਲੀ | ੧੭ ਮਾਰਚ |
| ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ ਮਿਲੀ | ੨੦ ਮਾਰਚ |
| ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾਏ | ੨੩ ਮਾਰਚ |
| ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੋਤੀ ਜੋਤਿ ਸਮਾਏ | ੨੫ ਮਾਰਚ |
| ਹੋਲਾ ਮਹੱਲਾ | ੬ ਮਾਰਚ |

ਮੇਜਰ ਪ੍ਰੇਮ ਸਿੰਘ ਜੀ ਦੀ ਆਗਿਆ ਅਨੁਸਾਰ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਲਿਖਤ ਪੁਸਤਕਾਂ ਬਾਲਮ ਸਾਖੀਆਂ ਵਿਚੋਂ ਧੰਨਵਾਦ ਸਹਿਤ ਹਰ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ ਦੇ ਰਹੇ ਹਾਂ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੩.੭੭ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 5 1 8 4 7

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਸਲਾਨਾ ਚੰਦਾ ੮-੦੦
ਪਰਦੇਸ ੧੮-੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦-੭੫




**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੧ ਮਾਰਚ ੧੯੭੭ ਅੰਕ ੩

## ਗੁਲਿ ਹੋਲੀ

ਗੁਲਿ ਹੋਲੀ ਬਬਾਗ਼ਿ ਦਹਰ ਬੂ ਕਰਦ ।
ਲਬਿ ਚੂੰ ਗ਼ੁੰਚਹ ਰਾ, ਫ਼ਰਖ਼ੰਦਹ ਖ਼ੂ ਕਰਦ ॥ ੧ ॥
ਗੁਲਾਬੋ, ਅੰਬਰੋ, ਮੁਸ਼ਕੋ ਅਬੀਰੋ ।
ਚੁ ਬਾਰਾਂ, ਬਾਰਸ਼ੇ ਅਜ਼ ਸੂ ਬਸੂ ਕਰਦ ॥ ੨ ॥
ਜ਼ਹੇ ਪਿਚਕਾਰੀਏ, ਪੁਰ ਜ਼ਾਫ਼ਰਾਨੀ ।
ਕਿ ਹਰ ਬੇਰੰਗ ਰਾ, ਖ਼ੁਸ਼-ਰੰਗੋ ਬੂ ਕਰਦ ॥ ੩ ॥
ਗੁਲਾਲ ਅਫ਼ਸ਼ਾਨੀਏ, ਦਸਤਿ ਮੁਬਾਰਕ ।
ਜ਼ਮੀਨੋ ਆਸਮਾਂ ਰਾ, ਸੁਰਖ਼ਰੂ ਕਰਦ ॥ ੪ ॥
ਦੋ ਆਲਮ ਗਸ਼ਤ ਰੰਗੀਨ, ਅਜ਼ ਤੁਫ਼ੈਲਸ਼ ।
ਚੁ ਸ਼ਾਹਮ, ਜਾਮਾ ਰੰਗੀਂ, ਦਰ ਗੁਲੂ ਕਰਦ ॥ ੫ ॥
ਕਸੇ ਕੋ ਦੀਦ, ਦੀਦਾਰਿ ਮੁਕੱਦਸ ।
ਮੁਰਾਦਿ ਉਮਰ ਰਾ, ਹਾਸਿਲ ਨਿਕੋ ਕਰਦ ॥ ੬ ॥
ਸ਼ਵਦ ਕੁਰਬਾਨ, ਖ਼ਾਕਿ ਰਾਹਿ ਸੰਗਤ ।
ਦਿਲਿ 'ਗੋਯਾ', ਹਮੀਂ ਰਾ ਆਰਜ਼ੂ ਕਰਦ ॥ ੭ ॥

ਪੰਜਾਬੀ ਕਾਵਿ ਤੇ ਉਲਥਾ ਸਫਾ ੨] [ਭਾ: ਨੰਦ ਲਾਲ ਜੀ, ਗਜ਼ਲ ੩੩

ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org

# ਹੋਲੀ ਦਾ ਫੁੱਲ

[ ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਪੰਜਾਬੀ ਰੂਪ ]

ਹੋਲੀ ਦਾ ਫੁੱਲ ਜਗਤ-ਬਾਗ ਵਿਚ, ਲਪਟਾਂ ਮਹਿਕਾਂ ਭਰਿਆ।
ਕਲੀਆਂ ਵਰਗੇ ਬੁਲ੍ਹਾਂ ਨੂੰ ਜਿਸ, ਮਹਿਕਾਇਆ ਕਰ ਹਰਿਆ ॥੧॥
ਮੁਸ਼ਕੰਬਰ ਕਸਤੂਰੀ ਵਾਙਰ, ਖ਼ੁਸ਼ੀ ਗੁਲਾਬ ਮਨਾਈ।
ਹਰ ਪਾਸੇ ਤੋਂ ਛਹਿਬਰ ਰਲ ਕੇ, ਮੀਂਹ ਦੇ ਵਾਙੂ ਆਈ ॥੨॥
ਕੇਸਰ ਦੀ ਪਿਚਕਾਰੀ ਦੱਸੇ, ਵਾਹ ਵਾਹ ਖੇਡ ਨਿਆਰੀ।
ਹਰ ਬੇਰੰਗ ਵਸਤੂ ਨੂੰ ਰੰਗ ਕੇ, ਦਏ ਸੁਗੰਧ ਪਿਆਰੀ ॥੩॥
ਨਾਲ ਮੁਬਾਰਕ ਹੱਥਾਂ ਮੁਰਸ਼ਦ, ਖੂਬ ਗੁਲਾਲ ਉਡਾਇਆ॥
ਕੀਤੇ ਭੋਂ ਅਸਮਾਨ ਸੁਰਖ਼ਰੂ, ਦਿਲ ਦਾ ਰੰਗ ਬਰਸਾਇਆ ॥੪॥
ਸ਼ਹਿਨਸ਼ਾਹ ਮੇਰੇ ਨੇ ਗਲ ਜਾਂ, ਰੰਗਿਆ ਚੋਲਾ ਪਾਇਆ।
ਦੋਵੇਂ ਲੋਕ ਰੰਗੀਲੇ ਹੋ ਗਏ, ਰੂਹ ਜਾਪੇ ਨਸ਼ਿਆਇਆ ॥੫॥
ਜਿਸ ਨੇ ਪਾਕ ਦੀਦਾਰ ਮਾਹੀ ਦਾ, ਕਿਸੇ ਸਮੇਂ ਕਰ ਲੀਤਾ।
ਨਫ਼ਾ ਹਯਾਤੀ ਦਾ ਉਸ ਬੰਦੇ, ਰੱਜ ਪ੍ਰਾਪਤ ਕੀਤਾ ॥੬॥
'ਗੋਇਆ' ਦੀ ਇਹ ਦਿਲੀ ਤਮੰਨਾ, ਦਮ ਦਮ ਇਹੋ ਧਿਆਵੇ।
ਸਾਧ ਸੰਗਤ ਦੀ ਚਰਨ-ਧੂੜ ਤੋਂ, ਤਨ ਮਨ ਸਦਕੇ ਜਾਵੇ ॥੭॥

[ ਸ: ਵਿਧਾਤਾ ਸਿੰਘ ਜੀ 'ਤੀਰ'

# ਫ਼ਾਰਸੀ ਗ਼ਜ਼ਲ ਦੇ ਅਰਥ

ਗੁਲਿ ਹੋਈ—ਹੋਲੀ ਦਾ ਫੁੱਲ। ਬ-ਬਾਗਿ ਦਹਰ—ਦੁਨੀਆ ਦੇ ਬਾਗ ਵਿਚ। ਬੂ ਕਰਦ—ਸੁਗੰਧੀ ਕੀਤੀ। ਲਬ—ਬੁਲ੍ਹ। ਗ਼ੁਚਹ—ਅਧਖਿੜਿਆ ਫੁਲ। ਰਾ—ਨੂੰ। ਫ਼ਰਖ਼ੰਦਹ—ਖਿੜਿਆ ਹੋਇਆ। ਖ਼ੂ ਕਰਦ—ਵਾਹ ਵਾਹ (ਕਮਾਲ) ਕਰ ਦਿਤਾ। ਹੋਲੀ ਦਾ ਫੁੱਲ ਖਿੜਨ ਨਾਲ ਦੁਨੀਆ ਦਾ ਬਾਗ ਮਹਿਕ ਉਠਿਆ ਅਤੇ ਉਸ ਸੁਗੰਧੀ ਨੇ ਪ੍ਰੀਤਮ ਦੇ ਅਧ-ਮੀਟੇ ਬੁਲ੍ਹ ਫੁੱਲ ਦੀ ਡੋਡੀ ਵਾਂਗ ਖਿੜਾ ਦਿਤੇ।੧।

ਗੁਲਾਬ ਅੰਬਰ—ਸੁਗੰਧਤ ਵਸਤੂਆਂ ਦੇ ਨਾਂ। ਮੁਸ਼ਕ—ਕਸਤੂਰੀ। ਅੰਬੀਰ—ਸੁਗੰਧੀ ਵਾਲੀ ਇਕ ਵਸਤੂ। ਚੁ ਬਾਰਾਂ—ਮੀਂਹ ਵਾਂਗ। ਸੂ ਬਸੂ—ਹਰ ਪਾਸੇ ਤੋਂ। ਗੁਲਾਬ, ਅੰਬਰ, ਅੰਬੀਰ, ਆਦਿ ਸੁਗੰਧੀਆਂ ਦੀ ਹਰ ਪਾਸਿਓਂ ਮੀਂਹ ਵਾਂਗ ਵਰਖਾ ਹੋਣ ਲਗ ਪਈ।੨।

ਜ਼ਹੇ—ਵਾਹਵਾਹ! ਖ਼ੂਬ ਸੋਹਣੀ। ਪੁਰ—ਭਰੀ ਹੋਈ। ਜ਼ਾਫ਼ਰਾਨੀ—ਘੁਲਿਆ ਹੋਇਆ ਕੇਸਰ। ਬੇਰੰਗ ਰਾ—ਰੰਗ ਤੋਂ ਹੀਣਿਆਂ ਨੂੰ। ਬੂ ਕਰਦ—ਸੁਗੰਧਤ ਕਰ ਦਿਤਾ। ਕੇਸਰ ਦੀ ਭਰੀ ਹੋਈ ਸੁੰਦਰ ਪਿਚਕਾਰੀ ਨੇ ਸਭ ਬੇਰੰਗਾਂ ਨੂੰ ਰੰਗ ਵਾਲਾ ਅਤੇ ਸੁਗੰਧਤ ਕਰ ਦਿਤਾਂ।੩।

ਅਫ਼ਸ਼ਾਨੀ—ਉਡਾਉਣਾ। ਦਸਤਿ ਮੁਬਾਰਕ—ਪਵਿੱਤਰ ਹੱਥਾਂ ਨਾਲ। ਜ਼ਮੀਨੋ ਅਸਮਾਂ ਰਾ—ਧਰਤੀ ਤੇ ਅਕਾਸ਼ ਨੂੰ। ਸੁਰਖ਼-ਰੂ—ਲਾਲ ਚਿਹਰਾ, ਲਾਲੋ ਲਾਲ। ਸਤਿਗੁਰੂ ਨੇ ਆਪਣੇ ਪਵਿਤਰ ਹੱਥਾਂ ਨਾਲ ਐਸਾ ਗੁਲਾਲ ਉਡਾਇਆ ਕਿ ਧਰਤੀ ਤੇ ਅਕਾਸ਼ ਨੂੰ ਲਾਲੋ ਲਾਲ ਕਰ ਦਿਤਾ।੪।

ਦੋ ਆਲਮ—ਦੋਵੇਂ ਲੋਕ। ਗਸ਼ਤ—ਹੋ ਗਏ।

[ ਬਾਕੀ ਦੇਖੋ ਸਫ਼ਾ ੩ ਦੇ ਹੇਠ ]



www.AKJ.Org

# ਖ਼ਾਲਸੇ ਦਾ ਹੋਲਾ

## ਫ਼ਾਰਸੀ ਗ਼ਜ਼ਲ ਦੀ ਵਿਆਖਿਆ

ਭੁਲੀ ਲੁਕਾਈ ਫਿਕੇ ਤੇ ਹੋਛੇ ਰੰਗਾਂ ਵਿਚ ਹੋਲੀਆਂ ਦੀ ਖੇਡ ਵਿਚ ਉਲਝ ਕੇ ਜੀਵਨ-ਬਾਜ਼ੀ ਨੂੰ ਕੌਡਾਂ ਵਿਚ ਗੁਆ ਰਹੀ ਹੈ। ਜਦ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸੇ ਨੂੰ ਬੀਰ-ਰਸੀ ਹੋਲੇ ਦੀ ਖੇਡ ਬਖ਼ਸ਼ੀ ਅਤੇ ਨਾਮ ਦੇ ਚਲੂਲੇ ਰੰਗਾਂ ਦੀ ਵਰਖਾ ਕਰਦਿਆਂ ਹੋਇਆਂ ਇਸ ਅਮੋਲਕ ਮਨੁੱਖਾ ਜਨਮ ਨੂੰ ਸਫਲ ਕਰਨਾ ਸਿਖਾਇਆ।

ਕਲਗੀਧਰ ਪਾਤਸ਼ਾਹ ਜੀ ਦੇ ਸਾਜੇ ਹੋਲੇ ਦੇ ਇਨ੍ਹਾਂ ਨਿਰਾਲੇ ਰੰਗਾਂ ਨੂੰ ਭਾਈ ਸਾਹਿਬ ਨੰਦ ਲਾਲ ਸਿੰਘ ਜੀ 'ਗੋਇਆ' ਬਿਸਮਾਦੀ ਰੰਗਾਂ ਵਿਚ ਮਾਣਦੇ ਹੋਏ ਸਰਸ਼ਾਰ ਹੋ ਰਹੇ ਹਨ ਅਤੇ ਅਸਚਰਜ ਨਾਮ ਦੇ ਚਲੂਲੇ ਰੰਗਾਂ ਦੇ ਰਸ ਵਿਚ ਰੰਗੀਜ ਕੇ ਪੁਕਾਰ ਉਠੇ ਹਨ ਕਿ ਹੋਲੀ ਕਿਵੇਂ ਹੋਲੇ ਵਿਚ ਵਟੀਜ ਕੇ ਨਾਮ ਦੀ ਬਹਾਰ ਲਿਆਈ ਹੈ! ਕਹਿੰਦੇ ਹਨ ਕਿ ਹੋਲੀ ਦਾ ਫੁਲ ਖਿੜ ਪਿਆ ਹੈ, ਭਾਵ ਨਾਮ ਅਲੌਕਿਕ ਰੰਗਾਂ ਵਿਚ ਪ੍ਰਗਾਸ ਹੋ ਉਠਿਆ ਹੈ ਅਤੇ ਸਭ ਪਾਸੇ ਧਰਤ ਅਕਾਸ਼ ਵਿਚ ਸੁਗੰਧੀ ਹੀ ਸੁਗੰਧੀ ਮਹਿਕ ਉਠੀ ਹੈ। ਮਾਨੋ ਗੁਲਾਬ, ਕੇਸਰ ਤੇ ਕਸਤੂੰਰੀ ਆਦਿ ਸਮੂੰਹ ਸੁਗੰਧੀਆਂ ਦੇ ਨਾਫ਼ੇ ਖੁਲ੍ਹ ਗਏ ਹਨ। ਸਤਿਗੁਰੂ ਸਚੇ ਪਾਤਸ਼ਾਹ ਨੇ ਆਪਣੇ ਗਲ ਵਿਚ ਨਾਮ-ਰੰਗਾਂ ਦਾ ਰੰਗੀਜਿਆ ਜਾਮਾ ਪਹਿਰਿਆ ਹੋਇਆ ਹੈ ਅਤੇ ਸ਼ਹਿਨਸ਼ਾਹ ਪਿਤਾ ਆਪਣੇ ਪਵਿਤਰ ਹਸਤ ਕਮਲਾਂ ਨਾਲ ਨਾਮ ਦੀਆਂ ਪਿਚਕਾਰੀਆਂ ਚਲਾ ਕੇ, ਐਸੀ ਨਾਮ ਦੀ ਬਾਰਸ਼ ਕਰ ਰਹੇ ਹਨ ਕਿ ਜੋ ਵੀ ਜੀਵ ਸਾਹਿਬਾਂ ਦੀ ਦ੍ਰਿਸ਼ਟੀ ਹੇਠ ਆਉਂਦਾ ਹੈ, ਸਾਹਿਬਾਂ ਦੇ ਦਰਸ਼ਨ ਪਰਸਦਾ ਹੈ, ਉਹ ਸਤਿਗੁਰਾਂ ਦੀ ਨਦਰ-ਨਿਹਾਲ ਨਾਲ ਲਾਲੋ ਲਾਲ ਹੋ ਜਾਂਦਾ ਹੈ। ਉਸ ਤੇ ਐਸੀ ਨਾਮ ਦੀ ਬਖ਼ਸ਼ਸ਼ ਹੁੰਦੀ ਹੈ ਕਿ ਉਹ ਫਿਰ ਰਹਿੰਦੇ ਸੁਆਸਾਂ ਤਕ ਇਹ ਨਾਮ ਦੀ ਕਮਾਈ ਕਰਦਿਆਂ, ਇਸ ਰੰਗ ਵਿਚ ਰੰਗੀਜੇ ਰਹਿ ਕੇ ਆਪਣੇ ਜੀਵਨ ਦੀ ਅਸਲੀ ਲੋਚਾ ਪੂਰੀ ਕਰ ਜਾਂਦਾ ਹੈ।

ਅੰਤ ਵਿਚ ਭਾਈ ਸਾਹਿਬ ਜੀ ਨਾਮ-ਰੰਗ ਵਿਚ ਰੰਗੀਜੇ ਗੁਰਸਿਖਾਂ ਦੇ ਦਰਸ਼ਨ ਪਰਸਦੇ ਹੋਏ, ਗੁਰੂ ਪਾਤਸ਼ਾਹਾਂ ਦੇ ਚਰਨਾਂ ਵਿਚ ਜੋਦੜੀ ਕਰਦੇ ਹਨ ਕਿ ਪਾਤਸ਼ਾਹ ਮੇਰੀ ਤਾਂ ਕੇਵਲ ਇਹੋ ਹੀ ਜਾਚਨਾ ਹੈ ਕਿ ਗੁਸਸਿਖ ਸੰਗਤਾਂ ਦੀ ਚਰਨ ਧੂੜੀ ਇਸ ਨਿਮਾਣੇ ਸੇਵਕ ਨੂੰ ਬਖਸ਼, ਤਾਕਿ ਮੈਂ ਵੀ ਇਨ੍ਹਾਂ ਦੀ ਚਰਨ-ਧੂੜੀ ਸਦਕਾ ਜੀਵਨ ਸਫਲ ਕਰ ਸਕਾਂ।

---

[ ਸਫਾ ੨ ਦੀ ਬਾਕੀ ]

ਅਜ਼—ਤੋਂ। ਤੁਫ਼ੈਲਸ਼—ਉਸ ਦੇ ਤੁਫ਼ੈਲ, ਉਸ ਦੀ ਮਿਹਰ ਨਾਲ। ਸ਼ਾਹਮ—ਮੇਰੇ ਸ਼ਾਹ ਨੇ। ਜਾਮਾ ਰੰਗੀਂ—ਰੰਗਿਆ ਚੋਲਾ। ਗੁਲੂ ਕਰਦ—ਗਲ ਪਾਇਆ। ਸਤਿਗੁਰੂ ਦੀ ਮਿਹਰ ਨਾਲ ਦੋਵੇਂ ਜਹਾਨ ਰੰਗੀਜ ਗਏ ਹਨ, ਜਦੋਂ ਕਿ ਮੇਰੇ ਪਾਤਸ਼ਾਹ ਨੇ ਰੰਗਿਆ ਚੋਲਾ ਪਹਿਨਿਆ ਹੈ।੫।

ਕਸੇ—ਮਨੁੱਖ ਨੇ। ਕੋ—ਕੋਈ। ਕਸੇ ਕੋ—ਜਿਸ ਕਿਸੇ ਮਨੁਖ ਨੇ। ਦੀਦ—ਦਰਸ਼ਨ ਕੀਤਾ। ਦੀਦਾਰਿ ਮੁਕੱਦਸ—ਪਵਿਤਰ ਦੀਦਾਰ। ਮੁਰਾਦਿ ਉਮਰ ਰਾ—ਜ਼ਿੰਦਗੀ ਭਰ ਦੀਆਂ ਮੁਰਾਦਾਂ। ਨਿਕੋ—ਚੰਗੀ ਤਰ੍ਹਾਂ।

ਜਿਸ ਕਿਸੇ ਮਨੁੱਖ ਨੇ ਮੇਰੇ ਰੰਗਲੇ ਸਜਣ ਦੇ ਸੋਹਣੇ ਦਰਸ਼ਨ ਕਰ ਲਏ, ਉਸ ਨੇ ਉਮਰ ਭਰ ਦੀਆਂ ਮੁਰਾਦਾਂ ਪੂਰੀ ਤਰ੍ਹਾਂ ਪ੍ਰਾਪਤ ਕਰ ਲਈਆਂ।੬।

ਸ਼ਵਦ—ਹੋਵਾਂ। ਕੁਰਬਾਨ—ਸਦਕੇ। ਖ਼ਾਕਿ ਰਾਹਿ ਸੰਗਤ—ਸੰਗਤ ਦੇ ਰਾਹਾਂ ਦੀ ਧੂੜ ਤੋਂ। ਹਮੀਂ ਰਾ—ਇਹੋ ਹੀ। ਆਰਜ਼ੂ ਕਰਦ—ਇੱਛਾ ਕਰਦਾ ਹੈ, ਜਾਚਨਾ ਕਰਦਾ ਹੈ। 'ਗੋਇਆ' ਦਾ ਦਿਲ ਇਹੋ ਹੀ ਜਾਚਨਾ ਕਰਦਾ ਹੈ ਕਿ ਸੰਗਤ ਦੇ ਰਾਹਾਂ ਦੀ ਧੂੜੀ ਤੋਂ ਕੁਰਬਾਨ ਹੋ ਜਾਵਾਂ।੭।



www.AKJ.Org

# ਸੱਚੀ ਸੂਰਮਤਾਈ

[ਵਲੋਂ:— ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਅਸਲ ਸੂਰਮੇ ਉਹ ਨਹੀਂ, ਹਰਗਿਜ਼ ਨਹੀਂ ਕਹਾ ਸਕਦੇ, ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ। ਨਿਸ਼ਕਾਮ ਸੂਰਮਤਾਈ, ਸੱਚੀ ਸੂਰਮਤਾਈ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖ ਜਨਾਂ ਦੀ ਆਤਮਾ ਅੰਦਰ ਹੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਨਾਮ ਰੰਗ ਰਤੜੇ, ਗੁਰਮੁਖ ਜਨ ਹੀ ਸਚੇ ਸੂਰਮੇ ਹੋ ਸਕਦੇ ਹਨ।

ਯਥਾ ਗੁਰਵਾਕ :—

"ਜਾ ਕਉ ਹਰਿ ਰੰਗੁ ਲਾਗਉ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।"

ਸਪੱਸ਼ਟ ਭਾਵ ਹੈ ਅਤੇ ਸੱਚੇ ਸੂਰਮੇ ਦੀ ਗੁਰਮੁਖ ਡੈਫ਼ੀਨੀਸ਼ਨ (ਤਾਰੀਫ਼) ਕਿਆ ਸੁੰਦਰ ਚਸੀ ਹੈ ਕਿ ਸੱਚਾ ਸੂਰਮਾ ਸੱਚ ਮੁੱਚ ਉਹੀ ਹੈ ਜਿਸ ਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਾਪਤ ਹਨ। ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਆ ਕੇ ਦੇਹੋਂ ਬਿਦੇਹ ਹੋ ਕੇ, ਸਚੇ ਆਤਮ-ਰਸ ਰੰਗ ਖਿੜਦੇ ਹਨ, ਅਤੇ ਆਤਮ-ਰੰਗ ਖਿੜੇ ਬਾਝੋਂ ਮਨੂਆ ਜਿਤਿਆ ਨਹੀਂ ਜਾ ਸਕਦਾ, ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪ੍ਰਵੇਸ਼ ਹੁੰਦੀ ਹੈ। ਜਿਸ ਜਨ ਨੇ ਆਪਣਾ ਆਤਮਾ ਜਿਤ ਲਿਆ, ਉਹ ਜਨ ਹੀ ਬੇਪਰਵਾਹ ਅਤੇ ਬੇਮੁਹਤਾਜ ਹੋ ਕੇ ਜਗਤਕਾਰ ਨੂੰ ਮਿਟਾ ਮੁਟਾ ਕੇ ਸਾਰੇ ਜਗਤ ਨੂੰ ਆਪਣੇ ਵਸਗੱਤ ਕਰ ਸਕਦਾ ਹੈ। ਪ੍ਰੰਤੂ ਇਹ ਬੇਪਰਵਾਹੀ ਅਤੇ ਬੇਮੁਹਤਾਜੀ, ਸੱਚੀ ਕੁਰਬਾਨੀ ਉਸ ਗੁਰਮੁਖ ਜਨ ਦੇ ਅੰਦਰ ਹੀ ਆ ਸਕਦੀ ਹੈ, ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚੀ ਗੁਰਦੀਖਿਆ ਪ੍ਰਾਪਤ ਹੋ ਗਈ ਹੋਵੇ। ਸੱਚਾ ਸਤਿਗੁਰੂ ਗੁਰੂ ਬਾਝੋਂ ਹੋਰ ਕੋਈ ਨਹੀਂ ਹੋ ਸਕਦਾ। ਤਾਂ ਤੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ ਘਰ ਦੇ ਰੰਗ-ਰੱਤੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦੀ ਹੈ, ਆਤਮ-ਰੰਗਾਂ ਵਿਚ ਵਾਹਿਗੁਰੂ ਦੀ ਸਿਫ਼ਤ-ਸਲਾਹ ਕਰਨਹਾਰੇ, ਵਾਹਿਗੁਰੂ ਦਾ ਜਸ ਗਾਵਣ੍ਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮ-ਜੀਵਨ ਅੰਦਰ ਹੀ ਪਰਵੇਸ਼ ਹੋ ਸਕਦੀ ਹੈ। ਇਸ ਬਿਧਿ ਪ੍ਰਵੇਸ਼ ਹੋਈ ਆਤਮ-ਕਣੀ ਜਿਸ ਜਨ ਅੰਦਰ ਮੌਜੂਦ ਹੈ ਉਸ ਦੇ ਆਤਮ-ਰੰਗ-ਰੱਤੜੇ ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਸਪਿਰਟ ਆ ਸਕਦੀ ਹੈ। ਗੁਰੂ ਘਰ ਗੁਰੂ ਨਾਨਕ ਸਾਹਿਬ ਦਾ ਬਖ਼ਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵਸਥਾ ਨੂੰ ਅਪੜਾ ਸਕਦਾ ਹੈ। ਇਸ ਸਹਿਜ ਅਵਸਥਾ ਵਿਚ ਲੀਨ ਹੋਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ ਅਤੇ ਤਿਥੇ ਹੀ ਸਚੇ ਆਤਮ-ਰੰਗਾਂ ਵਾਲੀ ਨਿਸ਼ਕਾਮ ਸੂਰਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ-ਜੀਵਨ ਵਾਲੇ ਰੰਗ-ਰੱਤੜੇ ਸਚੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ। "ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ" ਮਈ ਸੱਚੀ ਗੁਰਵਾਕ ਪੰਗਤੀ ਨੇ ਸਪੱਸ਼ਟ ਹੀ ਫ਼ੈਸਲਾ ਕਰ ਦਿਤਾ ਕਿ ਸਤਿਗੁਰੂ ਪੂਰੇ ਦੀ ਗੁਰਦੀਖਿਆ ਜਿਸ ਨੂੰ ਪ੍ਰਾਪਤ ਹੋਈ ਹੈ, ਉਹੀ ਸੱਚਾ ਸੂਰਮਾ ਬਣ ਸਕਦਾ ਹੈ।

ਇਸ ਗੱਲ ਵਿਚ ਰੰਚਕ ਸੰਦੇਹ ਨਹੀਂ ਕਿ "ਗੁਰੂ ਪੂਰੇ ਵਾਲੀ" ਸੱਚੀ ਘਟਨਾ ਕੇਵਲ ਗੁਰੂ ਨਾਨਕ ਸਾਹਿਬ ਦੇ ਦਸੋਂ ਗੁਰ-ਜਾਮਿਆਂ ਉਪਰ ਘਟ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਫ਼ੈਸਲਾ ਕਰ ਦਿਤਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਪਿਛੋਂ ਕਚ-ਪਿਚੇ ਪੂਰੇ ਸੂਰੇ ਦੇਹ-ਧਾਰੀ ਗੁਰੂਆਂ ਦਾ ਸਿਲਸਿਲਾ ਉਕਾ ਹੀ ਮੁਕ ਚੁਕਾ ਹੈ। ਸਤਿਗੁਰੂ ਨਾਨਕ ਸਾਹਿਬ ਬਾਝੋਂ ਹੋਰ ਪੂਰਾ ਗੁਰੂ ਕੋਈ ਨਹੀਂ ਕਹਾ ਸਕਦਾ। ਗੁਰੂ ਨਾਨਕ ਸਚਾ ਪਾਤਸ਼ਾਹ, ਰੰਗ-ਰੱਤੜੇ ਗੁਰਮੁਖ ਜਨਾਂ ਦੇ ਰੰਗ-ਰੱਤੜੇ ਘਟਾਂ ਅੰਦਰ ਹਰ-ਦਮ ਮੌਜੂਦ ਹੈ ਅਤੇ ਜਿਹੋ ਜਿਹੀ ਸ਼ਰਧਾ ਕਰ ਗੁਰੂ ਨਾਨਕ ਸਾਹਿਬ



www.AKJ.Org

ਜੀ ਨੂੰ ਅਰਾਧਦੇ ਹਨ ਤਿਥੈ ਹੀ ਗੁਰੂ ਨਾਨਕ ਸਚਾ ਪਾਤਸ਼ਾਹ, ਪੂਰਾ ਗੁਰੂ ਨਾਨਕ ਸਾਹਿਬ, ਪੂਰੀ ਬਣਤ ਬਣਾਇ ਕੇ, ਪਰਤੱਖ ਦਰਸ਼ਨ ਦਿਖਾਇ ਦੇਂਦਾ ਹੈ। ਤਾਂ ਤੇ ਅਧੂਰੇ ਅਪੂਰੇ ਕੱਚ-ਪਿਚੇ ਗੁਰੂ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸੱਚਾ ਸਤਿਗੁਰੂ, "ਸਤਿਗੁਰੂ ਬਾਝਹੁ ਗੁਰੁ ਨਹੀ ਕੋਈ" ਨਿਰ-ਸੰਦੇਹ ਹੈ ਹੀ ਨਹੀਂ। ਤਾਂ ਤੇ ਗੁਰੂ ਘਰ, ਗੁਰੂ ਸਾਹਿਬ ਸਚੇ ਸਤਿਗੁਰੂ ਦੇ ਦੀਖਿਅਕ ਗੁਰਮੁਖ ਜਨ ਨੂੰ ਹੀ ਇਹ ਵਡਾਈ ਪ੍ਰਾਪਤ ਹੈ। ਜਿਸ ਦੇ ਸਿਰ ਉਪਰ ਸਦਾ ਸਦਾ ਸੱਚਾ ਸਤਿਗੁਰੂ ਨਾਨਕ ਦੇਵ ਹਰਦਮ ਹਾਜ਼ਰ ਨਾਜ਼ਰ ਹੈ, ਉਸ ਨੂੰ ਕਿਸੇ ਵੀ ਗੱਲ ਦੀ ਥੁੜ ਨਹੀਂ ਰਹਿੰਦੀ। ਯਥਾ ਗੁਰਵਾਕ :—

"ਸਿਰ ਊਪਰਿ ਠਾਢਾ ਗੁਰੁ ਸੂਰਾ ॥
ਨਾਨਕ ਤਾ ਕੇ ਕਾਰਜ ਪੂਰਾ ॥" [੨੯੩

ਇਸ ਬਿਧਿ ਸਚੇ ਸਤਿਗੁਰੂ ਨੂੰ ਜੋ ਰੰਗ-ਰੱਤੜਾ ਗੁਰਮੁਖ ਜਨ ਹਰਦਮ ਹਿਰਦੇ ਵਿਚ ਵਸਾਈ ਰੱਖਦਾ ਹੈ, ਕੇਵਲ ਉਸੇ ਜਨ ਨੂੰ ਹੀ ਸੱਚੀ ਸੂਰਮਤਾਈ ਦੀ ਦਾਤ ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਸੱਚਾ ਸੂਰਮਾ ਸੋਈ ਕਹਾ ਸਕਦਾ ਹੈ ਜਿਸ ਨੂੰ ਸਚੇ ਸਤਿਗੁਰੂ ਦੀ ਨਿਕਟਤਾਈ (ਨੇੜਤਾ) ਵਾਲੀ ਸੱਚੀ ਦਾਤ ਪ੍ਰਾਪਤ ਹੋਵੇ। ਸਚੇ ਨਿਰਭੈ ਸੂਰਮੇ ਗੁਰੂ ਘਰ ਅੰਦਰ ਹੀ ਉਪਜੇ ਹਨ ਅਤੇ ਸਦਾ ਗੁਰੂ ਘਰ ਅੰਦਰ ਹੀ ਉਪਜਣਗੇ। ਤਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੀ ਜੁਗ ਜੁਗ ਵਡਿਆਈ ਅਤੇ ਨਿਕਟਤਾਈ ਪ੍ਰਾਪਤ ਹੁੰਦੀ ਰਹੇਗੀ। ਤਿਨ੍ਹਾਂ ਨੂੰ ਨਿਜ-ਨਿਸ਼ਕਾਮ ਸੂਰਮਤਾ ਵਾਲੀ ਸਚੀ ਸਪਿਰਟ ਪ੍ਰਾਪਤ ਰਹੇਗੀ। ਉਹ ਸਦਾ ਹੀ ਜੰਗਾਂ ਜੁਧਾਂ ਵਿਚ ਨਿਰਭੈ ਅਤੇ ਬੇਪਰਵਾਹ ਹੋ ਕੇ ਆਤਮ-ਰੰਗਾਂ ਵਿਚ ਹੀ ਜੂਝਣਗੇ। ਸੱਚੀ ਸੂਰਮਤਾਈ ਸੂਰਬੀਰਤਾ ਤਿਨ੍ਹਾਂ ਦੇ ਹੀ ਵਿਰਸੇ ਵਿਚ ਸਦੀਵ ਲਈ ਮਖ਼ਸੂਸ ਰਹੇਗੀ ਅਤੇ ਮਖ਼ਸੂਸ ਹੁੰਦੀ ਚਲੀ ਆਉਂਦੀ ਹੈ। ਸੱਚੇ ਸੂਰਮਿਆਂ ਵਾਲੀ ਸੱਚੀ ਸੂਰਮਗਤੀ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ, ਜੋ ਆਤਮ-ਰੰਗਾਂ ਵਿਚ ਰੰਗ ਕੇ, ਕੇਵਲ ਗੁਰੂ ਪਰਾਇਣ ਹੋ ਕੇ ਸਿਰ ਲੱਥ, ਸਿਰ ਧੜ ਦੀ ਬਾਜ਼ੀ ਲਾਉਣਗੇ। ਆਤਮ-ਜੀਵਨੀ ਰੰਗ ਦੇ ਚਲੂਲੇ ਰੰਗ, ਕੇਵਲ ਸੱਚੀ ਗੁਰ-ਭਗਤੀ ਦੇ ਆਸਰੇ ਹੀ ਗੁਰਮੁਖ ਰੰਗ-ਰੱਤੜੀਆਂ ਰੂੜ੍ਹੀਆਂ ਰੂਹਾਂ ਅੰਦਰ ਪ੍ਰਵੇਸ਼ ਹੋ ਸਕਦੇ ਹਨ ਅਤੇ ਤਿਨ੍ਹਾਂ ਨੂੰ ਹੀ ਸੱਚੀ ਸੂਰਮਤਾਈ ਵਾਲੇ ਸੁਭਾਗ ਪ੍ਰਾਪਤ ਹੁੰਦੇ ਹਨ।

"ਨਾਨਕ ਸੋ ਸੂਰਾ ਵਰੀਆਮੁ, ਜਿਨਿ
ਵਿਚਹੁ ਦੁਸਟ ਅਹੰਕਰਣ ਮਾਰਿਆ ॥" [੮੬

ਗੁਰਵਾਕ ਦੇ ਭਾਵ ਅਨੁਸਾਰ ਸੱਚਾ ਸੂਰਮਾ ਅਤੇ ਬਹਾਦਰ ਸੋਈ ਜਨ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ 'ਅਹੰਕਰਣ ਮਈ' ਹਉਮੈ ਦਾ ਬਿਨਾਸ, ਅਤੇ ਬੀਜ ਨਾਸ ਕੀਤਾ ਹੈ। ਇਸ ਹਉਮੈ ਦਾ ਬਿਨਾਸ ਗਰਮਤਿ ਨਾਮ ਅਭਿਆਸ ਦੀ ਕਮਾਈ ਦੁਆਰਾ ਹੀ ਹੋ ਸਕਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਕਰਕੇ ਹੀ ਸੂਰਮੇ ਅੰਦਰ ਸੱਚੀ ਗਰੀਬੀ (ਨਿੰਮਰਤਾ) ਆਉਂਦੀ ਹੈ। ਜਿਸ ਦੇ ਅੰਦਰ ਇਹ ਨਿੰਮਰਤਾ ਨਹੀਂ ਆਈ ਅਤੇ ਜਿਸ ਦੇ ਅੰਦਰੋਂ ਹਉਮੈ ਦਾ ਬਿਨਾਸ ਨਹੀਂ ਹੋਇਆ, ਉਸ ਦੇ ਅੰਦਰ ਸੱਚੀ ਸੂਰਮਤਾ ਕਦੇ ਆ ਹੀ ਨਹੀਂ ਸਕਦੀ। ਯਥਾ :—

"ਸੂਰੇ ਏਹਿ ਨ ਆਖੀਅਹਿ ਅਹੰਕਾਰਿ
ਮਰਹਿ ਦੁਖੁ ਪਾਵਹਿ ॥" [੧੦੮੯

ਬਲਕਿ ਸਚਾ ਸੂਰਮਾ ਉਹ ਹੈ ਜੈਸੇ ਕਿ ਅਗਲੇ ਗੁਰ-ਵਾਕ ਦਾ ਭਾਵ ਹੈ :—

"ਸੂਰਬੀਰ ਧੀਰਜ ਮਤਿ ਪੂਰਾ ॥
ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥" [੮੯੧

ਇਸ ਗੁਰਵਾਕ ਦੇ ਭਾਵ ਅਨੁਸਾਰ ਸੱਚੀ ਬੀਰਤਾ ਵਾਲਾ ਸੂਰਮਾ ਸੋਈ ਹੈ, ਜਿਸ ਦੇ ਅੰਤਰ-ਆਤਮੇ ਸੱਚੀ ਧੀਰਜ ਰੂਪੀ ਸ਼ਾਂਤਮਈ ਆਉਂਦੀ ਹੈ, ਇਹ ਸੱਚੀ ਸ਼ਾਂਤਮਈ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਆ ਸਕਦੀ ਹੈ। ਗੁਰਮਤਿ ਦੇ ਰੰਗਾਂ ਵਿਚ ਰੰਗੀਜ ਕੇ ਨਾਮ ਅਭਿਆਸੀ ਜਨ ਦੀ ਐਸੀ ਸਹਿਜ ਸਮਾਧੀ ਲਗਦੀ ਹੈ ਕਿ ਉਸ ਨੂੰ ਆਪਣੇ ਸਰੀਰਕ ਅੰਗਾਂ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਉਹ ਗਹਿਰ ਗੰਭੀਰ ਰੰਗਾਂ ਵਿਚ ਲਿਵਲੀਣ ਹੋ ਜਾਂਦਾ ਹੈ।



www.AKJ.Org

ਜਿਸ ਦੇ ਆਪੇ ਦਾ ਅਭਾਵ ਨਹੀਂ ਹੋਇਆ, ਉਸ ਨੇ ਹੋਰਤ ਜਗਤ ਨੂੰ ਕੀ ਪ੍ਰਬੋਧਣਾ ਸੋਧਣਾ ਹੈ। ਜਿਸ ਦੇ ਅੰਦਰੋਂ ਅਹੰਕਾਰ ਨਹੀਂ ਮਰਿਆ, ਉਸ ਨੇ ਦੂਜਿਆਂ ਨੂੰ ਕੀ ਮਾਰ ਸਕਣਾ ਹੈ। ਜਿਸ ਦਾ ਅੰਦਰਲਾ ਭਉ ਨਹੀਂ ਗਿਆ, ਉਹ ਪੁਰਸ਼ ਹੋਰਨਾਂ ਤੇ ਭਾਰੂ ਹੋ ਹੀ ਨਹੀਂ ਸਕਦਾ। ਅੰਦਰਲੇ ਭਉ ਗਏ ਬਿਨਾਂ ਨਿਰਭੈਤਾ (ਸੱਚੀ ਸੂਰਮਤਾ) ਆ ਵੀ ਨਹੀਂ ਸਕਦੀ। ਗੁਰਮਤਿ ਨਾਮ ਅਭਿਆਸ ਦੀ ਅਤੁਟ ਕਮਾਈ ਦੇ ਤੁਫ਼ੈਲ ਸੱਚੇ ਸਹਿਜ ਰੰਗਾਂ ਵਿਚ ਲੀਨ ਹੋ ਕੇ, ਸੱਚੀ ਨਿਰਭੈਤਾ ਪ੍ਰਾਪਤ ਹੋਈ ਬਾਝੋਂ, ਸੱਚੀ ਸੂਰਮਤਾ ਕਿਥੇ ? ਸੱਚੇ ਸੂਰਮੇ ਉਹ ਹਨ ਜੋ ਆਪਾ ਖੋਇ ਕੇ, ਆਪਾ ਬਿਗੋਇ ਕੇ, ਇਸ ਲੋਕ ਅੰਦਰ ਤੇ ਪਰਲੋਕ ਅੰਦਰ ਸੱਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ :

"ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੁ॥"

ਸਚਾ ਸੂਰਮਾ ਉਹੀ ਹੈ ਜਿਸ ਨੇ ਪ੍ਰਿਥਮੇ ਆਪਣਾ ਆਪ ਮਿਟਾਇਆ ਹੈ। ਤੇ ਆਪਣਾ ਆਪ ਮਿਟਾਇ ਕੇ ਹੀ ਸਚੀ ਦੀਨਤਾ (ਗਰੀਬੀ) ਆਉਂਦੀ ਹੈ। ਐਸੀ ਦੀਨਤਾ ਵਾਲਾ ਗੁਰਮੁਖ ਜਨ ਹੀ ਅੰਦਰੋਂ ਬਾਹਰੋਂ ਦੀਨ (ਗਰੀਬ) ਹੋਇ ਕੇ ਦੀਨਾਂ ਗਰੀਬਾਂ ਲਈ ਜੂਝ ਸਕਦਾ ਹੈ। ਯਥਾ ਗੁਰਵਾਕ :—

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥"

ਆਪਾ-ਪ੍ਰਸਤ ਆਦਮੀ, ਜਿਸ ਨੇ ਆਪਣੇ ਤਨ ਦੀ ਰਖਿਆ ਨੂੰ ਹੀ ਮੁਖ ਰਖਿਆ ਹੈ, ਉਹ ਐਵੇਂ ਹੀ ਡਰ ਡਰ ਮਰਦਾ ਹੈ ਅਤੇ ਇਸ ਮਰਨ ਤੋਂ ਬਚਣ ਲਈ ਬਿਰਥਾ ਹੀ ਆਪਣੇ ਆਪ ਨੂੰ ਲਕੋਂਦਾ ਫਿਰਦਾ ਹੈ। ਉਸ ਨੇ ਪਰਉਪਕਾਰ ਦੀ ਖ਼ਾਤਰ ਕੀ ਮਰਨਾ ਹੋਇਆ ? ਜਿਹੜਾ ਸੱਚਾ ਸੂਰਮਾ ਗੁਰਮੁਖ ਜਨ ਹੈ ਉਹ ਰਣ-ਤਤਿਆਂ ਵਿਚ ਵੀ ਨਹੀਂ ਡਰਦਾ। ਯਥਾ ਗੁਰਵਾਕ :—

"ਸੂਰੁ ਕਿ ਸਨਮੁਖ ਰਨ ਤੇ ਡਰਪੈ"

ਉਹ ਸੂਰਮਾ ਕੀ ਆਖ, ਜੋ ਸਨਮੁਖ ਜੂਝਣੋਂ ਡਰੇ ਅਤੇ ਰਣ-ਤਤੇ ਵਿਚੋਂ ਭੱਜ ਨਿਕਲੇ। ਜਿਸ ਗੁਰਮੁਖ ਜਨ ਨੇ ਅਥਾਹ ਗੁਰਮਤਿ ਨਾਮ ਦੀ ਕਮਾਈ ਦੇ ਪ੍ਰਤਾਪ ਸੇਤੀ ਆਪਣਾ ਆਪ ਉੱਕਾ ਹੀ ਗਵਾਇਆ ਹੋਇਆ ਹੁੰਦਾ ਹੈ, ਉਹੀ ਰਣ-ਤੱਤੇ ਵਿਚ ਪੂਰਾ ਉਤਰਦਾ ਹੈ। ਗੁਰਮਤਿ-ਰੰਗਾਂ ਵਿਚ ਲੀਣ ਹੋ ਕੇ ਉਸ ਨੂੰ ਸੱਚੀ ਨਿਰਭੈਤਾ ਪ੍ਰਾਪਤ ਹੀ ਰਹਿੰਦੀ ਹੈ। ਉਸ ਨੂੰ "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ॥" ਗੁਰਵਾਕ ਦੇ ਭਾਵ ਅਨੁਸਾਰ ਸਦਾ ਸਦਾ ਲਈ ਆਪਣਾ ਸੀਸ ਤਲੀ ਉਤੇ ਰੱਖੀ ਫਿਰਨ ਲਈ ਗੁਰ-ਦਵਾਰਿਓਂ ਸੱਚੜੀ ਸੂਝ ਬੂਝ ਅਤੇ ਉਤਸ਼ਾਹ ਮਈ ਤਕੀਆ-ਤਾਣ ਪ੍ਰਾਪਤ ਹੀ ਰਹਿੰਦਾ ਹੈ। ਪਰਉਪਕਾਰ ਦੀ ਖ਼ਾਤਰ ਉਸ ਨੂੰ ਮਰ ਮਿਟਣਾ ਖੱਬੇ ਹੱਥ ਦੀ ਖੇਡ ਹੀ ਦਿਸਦੀ ਰਹਿੰਦੀ ਹੈ। ਤਾਂ ਤੇ ਸਿਧ ਹੋ ਗਿਆ ਕਿ ਸੂਰਮਤਾ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਘਰ ਤੋਂ ਬਾਹਰ ਨਾ ਹੀ ਸੱਚੜੀ ਸ਼ਾਂਤਮਈ (ਧੀਰਜਤਾ), ਨਾ ਹੀ ਸੱਚੀ ਸੂਰਬੀਰਤਾ ਪ੍ਰਾਪਤ ਹੋ ਸਕਦੀ ਹੈ। ਸੱਚੇ ਸਤਿਗੁਰੂ ਦੇ ਰੰਗਾਂ ਵਿਚ ਰਤੇ ਬਿਨਾਂ ਸੱਚੀ ਸੂਰਮਤਾ ਆਉਂਦੀ ਹੀ ਨਹੀਂ।

ਤਾਂ ਤੇ ਇਹ ਸੱਚੜਾ ਆਤਮ-ਚਲੂਲੀ-ਰੰਗ ਜਿਸ ਗੁਰਮੁਖ ਜਨ ਨੂੰ ਹਰਦਮ ਚੜ੍ਹਿਆ ਹੀ ਰਹਿੰਦਾ ਹੈ,ਉਹੀ ਜਨ ਚੜ੍ਹਦੀਆਂ ਕਲਾਂ ਵਾਲੀ ਸੱਚੜੀ ਸੂਰਬੀਰਤਾ ਦੇ ਰੰਗਾਂ ਵਿਚ ਰੱਤਿਆ ਮੱਤਿਆ ਜਾਣੋ। ਇਹ ਸੱਚੜਾ ਰੰਗ ਚੜ੍ਹਦੀਆਂ ਕਲਾਂ ਵਾਲਾ, ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਅੰਦਰ ਹੀ ਹੈ, ਏਦੂੰ ਬਾਹਰ ਹਰਗਿਜ਼ ਨਹੀਂ। ਸੱਚੀ ਸੂਰਮਤਾਈ ਭੀ ਇਨ੍ਹਾਂ ਹੀ ਸਚੜੇ ਗੁਰਮਤਿ ਰੰਗਾਂ ਤੋਂ ਚੜ੍ਹਦੀ ਕਲਾ ਵਿਖੇ ਆਉਂਦੀ ਹੈ। ਸੱਚੀ ਨਿਮ੍ਰਤਾ, ਸੱਚੜੀ ਸ਼ਾਂਤਮਈ ਗੁਰਮੁਖਾਂ ਦੇ ਹਿਰਦਿਆਂ ਵਿਚ ਹੀ ਵਸਦੀ ਹੈ, ਹੋਰ ਕਿਤੇ ਨਹੀਂ, ਅਤੇ ਇਨ੍ਹਾਂ ਆਪਾ-ਅਭਾਵ-ਹੋਏ-ਸੱਚੇ-ਨਿਮਰੀ-ਭੂਤ ਰਿਦ-ਸ਼ਾਂਤੀਆਂ ਨੂੰ ਹੀ ਗੁਰੂ ਦੁਆਰਿਓਂ ਸੱਚੜੀ ਸੂਰਮਤਾਈ ਦੀ ਦਾਤ ਮਿਲਦੀ ਹੈ। ਹਉਮੈ ਹੰਕਾਰ ਦੇ ਮਿਟੇ ਹਟੇ ਬਿਨਾਂ ਨਾ ਹੀ ਸੱਚੜੀ

[ਬਾਕੀ ਦੇਖੋ ਸਫ਼ਾ ੮ ਤੇ]



www.AKJ.Org

# ਗੁਰਦੁਆਰਿਆਂ ਦੇ ਦਰਸ਼ਨ-ਦੀਦਾਰ ਤੇ ਸ਼ਸਤਰਾਂ ਦਾ ਸਤਿਕਾਰ

[ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਭੈ ਅਦਬ ਦੀ ਸ਼੍ਰੇਣੀ ਦੀ ਤਾਬਿਆ ਹੀ ਸਮੂਹ ਗੁਰਦੁਆਰੇ ਸਾਹਿਬਾਨ ਦੀ ਅਦਬ-ਯਾਤਰਾ ਦਾ ਹੁਕਮ ਆਉਂਦਾ ਹੈ। ਯਥਾ ਗੁਰਵਾਕ—

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ
ਸੁਹਾਵਾ ਰਾਮ ਰਾਜੇ ॥ ਗੁਰਸਿਖੀ ਸੁ ਥਾਨੁ
ਭਾਲਿਆ ਲੈ ਧੂਰਿ ਮੁਖ ਲਾਵਾ ॥

[ਆਸਾ ਮ: ੪-ਛੰਤ—੪੫੦

ਅਜ ਕਲ ਪੱਛਮੀ ਵਿਦਿਆ (ਅਵਿਦਿਆ) ਦੇ ਪੜ੍ਹਾਕੂ ਨਾਮ-ਧਰੀਕ ਸਿਖਾਂ ਨੇ ਗੁਰ-ਅਸਥਾਨਾਂ ਅਗੇ ਸੀਸ ਨਿਵਾਉਣਾ ਅਤੇ ਮਸਤਕ ਟੇਕ ਕੇ ਚਰਨ-ਧੂੜ ਲਾਉਣਾ ਆਪਣੇ ਮਨ ਦੇ ਮਤੇ ਮੁਜਬ ਹੀ ਮਨਮਤ ਸਮਝ ਰਖਿਆ ਹੈ। ਅਜਿਹੇ ਚੰਚਲ-ਮਤੀ ਪੁਰਸ਼ ਜਦੋਂ ਭੀ ਕਿਸੇ ਸਿੰਘ ਬਿਬੇਕੀ ਨੂੰ ਐਸਾ ਕਰਦੇ ਦੇਖਦੇ ਸੁਣਦੇ ਹਨ ਤਾਂ ਕੁ-ਤਰਕ ਟਿਚਰਾਂ ਕਰਦੇ ਹਨ। ਉਹਨਾਂ ਨੂੰ ਆਪਣੇ ਅਗਿਆਨ ਅਤੇ ਗੁਰਮਤਿ-ਹੀਣਤਾ ਦਾ ਪਤਾ ਨਹੀਂ ਹੁੰਦਾ । ਏਸ ਗੁਰਮਤਿ-ਹੀਨ ਅਗਿਆਨ ਦੇ ਅਧੀਨ ਹੋਏ, ਉਹ ਗੁਰਮਤਿ ਦੇ ਗੂੜ੍ਹ ਆਸ਼ੇ ਅਤੇ ਉਚ ਕਮਾਈਆਂ ਤੋਂ ਉਰੇ ਹੀ ਰਹਿ ਜਾਂਦੇ ਹਨ । ਬਿਬੇਕੀ ਗੁਰਮੁਖ ਜਨਾਂ ਦੇ ਸਨਮੁਖ ਗੁਰੂ ਕੇ ਹੁਕਮਾਂ ਦਾ ਪਾਲਣਾ ਕਮਾਉਣਾ ਹੁੰਦਾ ਹੈ। ਉਹਨਾਂ ਹੁਕਮਾਂ ਦੀ ਕਮਾਈ ਫੇਰ, ਉਕਤ ਬਿਬੇਕੀਆਂ ਦੀ ਆਤਮ-ਦ੍ਰਿਸ਼ਟ-ਬ੍ਰਿਤੀ ਨੂੰ ਏਵਡ ਦਿੱਬ ਅਤੇ ਉੱਚ ਕਰ ਦਿੰਦੀ ਹੈ ਕਿ ਜਿਉਂ ਜਿਉਂ ਗੁਰ-ਅਸਥਾਨਾਂ ਅਗੋਚਰ ਮਸਤਕ ਨਿਵਾਉਂਦੇ ਅਤੇ ਪ੍ਰਣਾਮ-ਬੰਦਨਾ ਕਰ ਕਰ, ਪ੍ਰਕਰਮਾਂ ਲੈਂਦੇ ਹਨ, ਤਿਉਂ ਤਿਉਂ ਉਹਨਾਂ ਨੂੰ ਪਰਤੱਖ ਗੁਰੂ ਦੀ ਜਾਗਤ ਜੋਤਿ ਦੇ ਕੌਤਕ-ਕਟਾਖਸ਼ੀ ਚਮਤਕਾਰੇ ਅੰਦਰ ਦਰਸਾਰੇ ਹੁੰਦੇ ਹਨ ਅਤੇ ਜਿਉਂ ਜਿਉਂ ਇਹ ਕੌਤਕ-ਵਰਤਾਰੇ ਅੰਦਰ ਆ ਕੇ ਵਰਤਦੇ ਹਨ, ਤਿਉਂ ਤਿਉਂ ਉਕਤ ਅਦਬ-ਸਨਮਾਨ ਦੇ ਨਿਛਾਵਰੀ ਤਰੀਕਿਆਂ, ਭੈ-ਭਾਵਨੀਆਂ ਦੀਆਂ ਗੁਰਮਤਿ-ਰਹੁ-ਰੀਤਾਂ ਉਤੇ ਘੋਲੇ ਵਾਰਨੇ ਵੰਞਣ ਨੂੰ ਹੋਰ ਭੀ ਸ਼ਰਧਾ-ਭਾਵਨੀ ਦੀਆਂ ਤਰੰਗਾਂ ਉਠਦੀਆਂ ਹਨ ।

## ਇਤਿਹਾਸਕ ਗੁਰ-ਅਸਥਾਨਾਂ ਤੇ ਸ਼ਹੀਦੀ ਸਥਾਨਾਂ ਲਈ ਤਨ ਮਨ ਧਨ ਵਾਰਨਾ ਤੇ ਸ਼ਸਤ੍ਰਾਂ ਦਾ ਸਤਿਕਾਰ :—

ਇਨ੍ਹਾਂ ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ-ਤਰੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ ਦੀ ਬੇਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਅਜਿਹੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਹੋਰ ਅਨੇਕਾਂ ਪ੍ਰਕਾਰੀ ਪਾਲਣਾ ਹੀ ਕੌਮੀ ਜੀਵਨ ਵਿਚ ਜਾਨ ਪਾਉਣ ਦਾ ਰੰਗ ਲਿਆਉਂ-ਦੀਆਂ ਹਨ; ਕਿਉਂਕਿ ਉਹ ਗੁਰਮਤਿ ਭੈ ਦੀ ਕਮਾਈ ਦੁਆਰਾ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੇ ਹੁੰਦੇ ਹਨ ਅਤੇ ਏਸ ਨਿਰਭੈ ਪਦ ਅੰਦਰ ਖੇਡਦਿਆਂ ਹੋਇਆਂ, ਜਾਨ ਉਪਰ ਦੀ ਖੇਡ ਜਾਣਾ, ਇਕ ਆਤਮ-ਅਨੰਦੀ ਅਵਸਥਾ ਵਿਚ ਅਰੂੜ ਹੋ ਕੇ, ਜੋ ਕੁਝ ਵੀ ਉਹ ਆਪਣੇ ਗੁਰ-ਅਸਥਾਨਾਂ ਦੀ ਰਖਿਆ ਨਮਿਤ ਕਰਦੇ ਹਨ, ਸਭ ਗੁਰੂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੁੰਦਾ ਹੈ । ਕੋਈ ਹੈਂਕੜ-ਹੰਕਾਰ ਤੋਂ ਉਪੰਨਾ ਸੰਸਕਾਰ ਨਹੀਂ ਹੁੰਦਾ । ਕਿਸੇ ਨੂੰ ਭੈ ਦੇਣ ਅਤੇ ਭੈ ਦਿਖਾਣ ਹਿਤ ਨਹੀਂ ਹੁੰਦਾ । ਪ੍ਰੰਤੂ ਨਿਰਭੈ ਪਦ ਅੰਦਰ ਅਰੂੜ ਹੋਣ ਕਰਕੇ ਉਹ ਕਿਸੇ ਦਾ ਭੈ ਭੀ ਨਹੀਂ ਮੰਨਦੇ ਅਤੇ ਨਾ ਹੀ ਕਿਸੇ ਵਿਡਾਣੀ ਚਾਕਰੀ ਅਤੇ ਦਬਦਬੇ ਹੇਠ ਆ ਕੇ ਆਪਣੇ ਗੁਰ-ਅਸਥਾਨਾਂ ਨਮਿਤ ਮਰ ਮਿਟਣ ਵਾਲੀ ਨਿਰਭੈ ਬਿਵਸਥਾ ਤੋਂ ਟਲਦੇ ਹਨ। ਗੁਰੂ-ਦੁਆਰੇ ਸਾਹਿਬਾਨ. ਅਤੇ ਗੁਰੂ-ਘਰ ਦੇ ਸ਼ਹੀਦੀ ਅਸਥਾਨਾਂ ਦੀ ਸ਼ਾਨ, ਇੱਜ਼ਤ, ਆਬਰੂ ਕਾਇਮ ਦਾਇਮ ਰੱਖਣ ਲਈ ਤਨ ਮਨ ਧਨ ਦਾ ਹੋਮ ਦੇਣਾ, ਉਨ੍ਹਾਂ ਦੀ ਇਕ ਸਹਿਜ ਸੁਭਾਵੀ ਆਤਮ-ਖੇਡ ਹੈ ।

ਗੁਰਦੁਆਰੇ ਸਾਹਿਬ ਦੇ ਅਦਬ ਸਤਿਕਾਰ ਤੋਂ ਉਤਰ ਕੇ ਫੇਰ ਸ਼ਸਤਰਾਂ ਦਾ ਸਨਮਾਨ-ਅਦਬ ਭੀ ਐਨ



www.AKJ.Org

ਗੁਰਮਤਿ-ਬਿਬੇਕ ਹੈ :—

ਜਿਤੇ ਸ਼ਸਤ੍ਰ ਨਾਮੰ ॥ ਨਮਸਕਾਰ ਤਾਮੰ ॥
ਜਿਤੇ ਅਸਤ੍ਰ ਭਯੰ ॥ ਨਮਸਕਾਰ ਤੇਯੰ ॥

ਦੇ ਸ੍ਰੀ ਦਸਮੇਸ਼ ਵਾਕ ਦਸਦੇ ਹਨ ਕਿ ਸ਼ਸਤਰਾਂ ਅਸਤਰਾਂ ਦਾ ਕੈਸਾ ਅਦਬ ਸਨਮਾਨ ਗੁਰੂ-ਘਰ ਅੰਦਰ ਹੈ। ਜੋ ਸ਼ਸਤਰਧਾਰੀ ਹੋ ਕੇ ਸ਼ਸਤਰਾਂ ਦਾ ਅਦਬ-ਸਨਮਾਨ ਨਹੀਂ ਜਾਣਦਾ, ਉਸਨੂੰ ਸ਼ਸਤਰਾਂ ਦੀ ਕਦਰ ਹੀ ਕੀ ? ਧਰਮ-ਯੁਧ ਅਖਾੜੇ ਵਿਚ ਸ਼ਸਤਰ-ਸਨਮਾਨੀ ਸਿੰਘ ਸੂਰਬੀਰ ਦੀ ਸਦਾ ਜੈ ਹੈ । ਉਸੇ ਸੂਰਬੀਰ ਸਿੰਘ ਨੂੰ ਸ਼ਸਤਰ ਸ਼ੋਭਦੇ ਹਨ ਜੋ ਸ਼ਸਤਰਾਂ ਦਾ ਸਨਮਾਨ ਕਰਨਾ ਜਾਣਦਾ ਹੈ। ਜਿਸ ਸ਼ਸਤਰ ਨੂੰ ਆਮ ਸੰਸਾਰੀ ਤਲਵਾਰ ਆਖਦੇ ਹਨ ਉਸ ਦਾ ਪਰਸਿਧ ਨਾਮ ਗੁਰੂ ਖ਼ਾਲਸਾ ਦੀ ਭਾਸ਼ਾ ਅੰਦਰ ਸ੍ਰੀ ਸਾਹਿਬ ਹੈ । ਜਿਸ ਸ਼ਸਤਰ ਦੇ ਨਾਮ ਨੂੰ ਹੀ ਇੰਨਾ ਸਨਮਾਨ ਦਿਤਾ ਗਿਆ ਹੈ ਉਸ ਸ਼ਸਤਰ ਦੇ ਸੰਭਾਲ ਕੇ ਰਖਣ, ਸਜਾਉਣ ਅਤੇ ਚਲਾਉਣ (ਵਰਤਣ) ਵਿਚ ਤਾਂ ਕੇਵਡ ਵਡਾ ਸਨਮਾਨ ਹੋਣਾ ਲੋੜੀਦਾ ਹੈ। ਜਿਨ੍ਹਾਂ ਬਿਬੇਕ-ਹੀਣ ਪੁਰਸ਼ਾਂ ਨੂੰ ਇਸ ਸਨਮਾਨ-ਅਦਬ ਦੀ ਸਾਰ ਨਹੀਂ, ਉਹ ਅਕਸਰ ਸ਼ਸਤਰ-ਸਨਮਾਨ-ਕਰਨਹਾਰੇ ਸਚਿਆਰ ਸਿੰਘ ਨੂੰ ਸ਼ਸਤਰ-ਪੂਜਕ ਨਾਉਂ ਧਰ ਕੇ ਮਖ਼ੌਲ ਕਰਿਆ ਕਰਦੇ ਹਨ। ਜੋ ਸਿੰਘ ਸੂਰਮੇ ਬਿਬੇਕੀ ਹਨ, ਉਹ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ਼ਸਤਰਾਂ ਦਾ ਸਨਮਾਨ ਸਿਰੋਂ-ਪਰੰਦ ਹੋ ਕੇ ਕਰਦੇ ਹਨ। ਉਨ੍ਹਾਂ ਦਾ ਸ਼ਸਤਰਾਂ ਦਾ ਸਨਮਾਨ ਕਰਨਾ ਗੁਰੂ ਕਲਗੀਧਰ ਜੀ ਖੜਗਧਾਰੀ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਪਰਵਾਹ ਨਹੀਂ ਲੋਕ ਕੁਛ ਭੀ ਮੇਹਣੇ ਮਾਰਨ, ਬਿਬੇਕੀ-ਜਨ (ਹੁਕਮ ਕਮਾਵਣਹਾਰੇ ਸਿੰਘ) ਨੂੰ ਸਤਿਗੁਰੂ ਦੇ ਹੁਕਮ ਪਾਲਣ ਦਾ ਭੈ, ਸੰਸਾਰੀਆਂ ਦੇ ਮੇਹਣਿਆਂ-ਤੁਖਣਿਆਂ ਦੇ ਭੈ ਨਾਲੋਂ ਕੋਟਾਨ-ਕੋਟ ਦਰਜਾ ਅਧਿਕ ਸ੍ਰੇਸ਼ਟ ਹੈ । ਗੁਰੂ ਦਸਮੇਸ਼ ਦੇ ਸਿੰਘ ਸੂਰਮੇ ਸ਼ਸਤਰ ਜੋ ਧਾਰਨ ਕਰਦੇ ਹਨ, ਸੋ ਲੋਕ-ਦਿਖਾਵੇ ਜਾਂ ਲੋਕਾਂ ਦੀ ਮਨੌਤ ਲਈ ਨਹੀਂ ਕਰਦੇ, ਕੇਵਲ ਸਤਿਗੁਰੂ ਸਾਹਿਬ ਜੀ ਦੇ ਹੁਕਮੀ

---

[੬ ਸਫੇ ਦੀ ਬਾਕੀ]

ਸ਼ਾਂਤਮਈ ਦੀ ਦਾਤ-ਇਲਾਹੀ ਨਸੀਬ ਹੁੰਦੀ ਹੈ ਅਤੇ ਨਾ ਹੀ ਇਸ ਸੱਚੜੀ ਸੂਰਮਤਾਈ ਵਾਲਾ ਸੱਚਾ ਸੂਰਜ ਉਦੇ ਹੁੰਦਾ ਹੈ।

"ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥"

ਗੁਰਵਾਕ ਦਾ ਭਾਵ ਇਹ ਹੈ ਕਿ ਕੇਵਲ ਨਾਮ ਦੁਆਰਾ ਹੀ ਹਉਮੈ ਹੰਕਾਰ ਬਿਨਸਦਾ ਹੈ । ਜਦ ਤਾਈਂ ਇਹ ਮਨ ਹਉਮੈ ਦੀਆਂ ਲਹਿਰਾਂ ਵਿਚ ਹੈ, ਤਦ ਤਾਈਂ ਇਸ ਦੀ ਘਾਲ ਕਮਾਈ, ਭਾਵ ਭਗਤੀ ਮਈ ਸੇਵਾ, ਸਭ ਬਿਰਥੀ ਹੀ ਜਾਂਦੀ ਹੈ। ਯਥਾ ਗੁਰਵਾਕ :—

"ਹਉਮੈ ਵਿਚਿ ਸੇਵਾ ਨ ਹੋਵਈ
ਤਾ ਮਨੁ ਬਿਰਥਾ ਜਾਇ ॥੧॥"

ਲੋਕੀ ਐਵੇਂ ਹੀ ਸ਼ਾਂਤਮਈ ਸ਼ਾਂਤਮਈ ਕੂਕਦੀ ਹੈ ਅਤੇ ਹਉਮੈ ਵਿਚ ਹੀ ਕੂਕਦੀ ਹੈ। ਸੱਚੜੀ ਸ਼ਾਂਤਮਈ ਨਾ ਕਿਸੇ ਨੂੰ ਪ੍ਰਾਪਤ ਹੋਈ ਹੈ, ਨਾ ਹੋਣੀ ਹੈ। ਜਿਥੇ ਹੋਈ ਹੈ ਉਥੇ ਹਉਮੈ ਦਾ ਉਕਾ ਹੀ ਅਭਾਵ ਹੋ ਗਿਆ ਹੈ। ਉਥੇ ਕੇਵਲ ਸੱਚੜੀ ਸੂਰਮਤਾਈ ਵਾਲੀ ਗਤੀ ਕਲਿਆਣ ਮਈ ਹੈ। ਇਹ ਸਭ ਸਦਕਾ ਗੁਰਮਤਿ ਨਾਮ ਦੇ ਰੰਗਾਂ ਵਿਚ ਰੰਗੀਜਣ ਦਾ ਹੀ ਹੈ। ਉਹ ਸ਼ਖਸ ਉੱਕੇ ਹੀ ਕੂੜਾਵੇ ਹਨ, ਜੋ ਇਸ ਸੱਚੜੀ ਲਿਵ-ਲੀਨਤਾ ਬਿਨਾਂ ਹੀ ਸ਼ਾਂਤਮਈ ਅਤੇ ਸੂਰਮਤਾਈ ਲਭਦੇ ਹਨ। ਆਮ ਲੋਕੀ ਹਨੇਰੇ ਵਿਚ ਅੱਕੀਂ ਪਲਾਹੀਂ ਹੱਥ ਮਾਰਦੇ ਫਿਰਦੇ ਹਨ, ਉਨ੍ਹਾਂ ਨੂੰ ਲੱਭਦਾ ਲੁੱਭਦਾ ਕੁਝ ਵੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸ਼ਰਨੀਂ ਆਇਆਂ ਹੀ ਇਸ ਲੱਭਤਾ ਦਾ ਚਾਨਣ ਦਿਸਦਾ ਹੈ। ਤਾਂ ਤੇ ਜਿਸ ਜਨ ਨੂੰ ਸੱਚੀ ਸੂਰਮਤਾ ਦਰਕਾਰ ਹੈ ਉਹ ਸਗਲ ਹਉਮੈ ਤਿਆਗ ਕੇ, ਸਚੇ ਸਤਿਗੁਰੂ ਗੁਰੂ ਨਾਨਕ ਦੀ ਸ਼ਰਨੀ ਆਵੇ। ਇਸ ਸੱਚੜੇ ਦਰ ਘਰ ਤੋਂ ਗੁਰਮਤਿ ਨਾਮ ਮਈ ਦੀਖਸ਼ਾ ਦੀਆਂ ਸਚੀਆਂ ਮੁਰਾਦਾਂ ਪਾਵੇ, ਤਾਂ ਹੀ ਉਸਨੂੰ ਸੱਚੀ ਸੂਰਮਤਾ ਦੇ ਰੰਗ ਚੜ੍ਹ ਸਕਦੇ ਹਨ। ਐਵੇਂ ਨਹੀਂ।

["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ



www.AKJ.Org

ਬੰਦੇ ਹੋ ਕੇ ਕਰਦੇ ਹਨ। ਹੁਕਮੀ ਬੰਦੇ ਹੋ ਕੇ ਹੀ ਸ਼ਸਤਰਾਂ ਦਾ ਸਨਮਾਨ ਕਰਦੇ ਹਨ ਤੇ ਹੁਕਮੀ ਬੰਦੇ ਹੀ ਹੋ ਕੇ ਸ਼ਸਤਰਾਂ ਨੂੰ ਧਰਮ-ਯੁਧ ਅੰਦਰ ਵਰਤਦੇ ਹਨ। ਇਹ ਨਿਰਭੈ ਅਕਾਲੀ ਪੰਥ ਹੀ ਸ੍ਰੀ ਦਸਮੇਸ਼ ਜੀ ਨੇ ਧਰਮ-ਰਖਿਆ ਲਈ ਚਲਾਇਆ ਹੈ। ਭੈ ਦੇਣਹਾਰੇ ਅਧਰਮੀ, ਅਤਿਆਚਾਰੀ ਜਰਵਾਣਿਆਂ ਪਾਸੋਂ, ਦੀਨਾਂ ਗਰੀਬਾਂ ਦੀ ਰਖਿਆ ਕਰਨ ਹਿਤ ਜਦ ਭੀ ਲੋੜ ਪਵੇ, ਅਤੇ ਜਦੋਂ ਭੀ ਗੁਰੂ ਅਤੇ ਗੁਰੂ-ਪੰਥ ਦੀ ਆਗਿਆ ਹੋਵੇ, ਤਦੋਂ ਹੀ ਕਾਲ ਦੇ ਭੈ ਤੋਂ ਨਿਰਭੈ ਅਕਾਲੀ ਵੀਰ, ਸ਼ਸਤਰਾਂ ਦੀ ਸਹਾਇਤਾ ਦੁਆਰਾ ਹੀ ਦੁਰਜਨ ਸ਼ਤਰੂਆਂ ਦਾ ਖੈ ਕਰ ਕੇ, ਦੀਨਾਂ ਦੀ ਰਖਿਆ ਕਰਨਗੇ। ਅਤੇ ਜਦ ਕਦੇ ਭੀ ਧਰਮ ਦੀ ਹਾਨੀ ਦਾ ਹੋਰ ਕੋਈ ਇਲਾਜ ਸ਼ਸਤਰ ਉਠਾਏ ਬਗ਼ੈਰ ਨਾ ਹੋ ਸਕਦਾ ਹੋਵੇ ਤਾਂ ਨਿਧੜਕ ਅਤੇ ਨਿਸ਼ੰਗ ਸ਼ਸਤਰ ਫੜ ਕੇ ਧਰਮ-ਯੁਧ ਅੰਦਰ ਜੁਟ ਜਾਣਗੇ। ਸ੍ਰੀ ਦਸਮੇਸ਼ ਜੀ ਦੇ ਅਵਤਾਰ ਧਾਰਨ ਅਤੇ ਇਹ ਅਵਤਾਰੀ ਸ਼ਸਤਰ-ਧਾਰੀ ਨਿਰਭੈ ਨਿਰੰਕਾਰੀ ਖ਼ਾਲਸਾ (ਅਕਾਲੀ) ਪੰਥ ਚਲਾਣ ਦਾ ਜੋ ਅਸਲ ਅਭਿਪਰਾ ਹੈ, ਉਹ ਸ੍ਰੀ ਦਸਮੇਸ਼ ਜੀ ਦੇ ਹੇਠ ਲਿਖੇ ਸ੍ਰੀ ਮੁਖਵਾਕ ਬਚਨ ਤੋਂ ਸਪੱਸ਼ਟ ਸਿਧ ਹੈ—

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖੀਅਨਿ ਪਕਰਿ ਪਛਾਰੋ ।੪੨।

ਯਾ ਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ ।੪੩।

ਇਸ ਪਰਕਾਰ ਦੇ ਧਰਮ-ਯੁਧ ਦੇ ਸਿਧਾਂਤ ਤੋਂ ਸਖਣੇ ਕਿਸੇ ਹੋਰ ਮਨੋਰਥ ਲਈ, ਸ਼ਸਤਰਧਾਰੀ ਖ਼ਾਲਸਾ ਜੀ ਨੂੰ ਸ਼ਸਤਰ ਉਠਾਉਣ ਦੀ ਆਗਿਆ ਨਹੀਂ। ਧਰਮ-ਰਖਿਆ ਲਈ ਧਰਮ-ਯੁਧ ਦਾ ਸਿਧਾਂਤ—ਆਦਰਸ਼ ਸਦੀਵ ਲਈ ਅਟੱਲ ਦਸ਼ਾ ਵਿਚ ਨੀਯਤ ਹੋ ਗਿਆ ਅਤੇ ਸ਼ਸਤਰਧਾਰੀ ਗੁਰੂ ਖਾਲਸਾ ਪੰਥ ਦੀ ਅਕਾਲੀ ਸਾਜਣਾ ਭੀ ਅਟੱਲਤਾ ਸਹਿਤ ਸਥਾਪਤ ਹੋ ਗਈ। ਹੁਣ ਜੋ ਇਸ ਅਟੱਲ ਤੇ ਅਕਾਲੀ ਆਦਰਸ਼ ਅੰਦਰ ਅਦਲਾ ਬਦਲਾ, ਅਥਵਾ ਹੋਰ ਕਿਸੇ ਪਰਕਾਰ ਦੀ ਗੜਬੜ ਕਰੇਗਾ, ਸੋ ਸ੍ਰੀ ਦਸਮੇਸ਼ ਜੀ ਦੇ ਆਦਰਸ਼ੀ ਸਿਧਾਂਤ ਅਤੇ ਅਟੱਲ ਅਕਾਲੀ ਹੁਕਮਾਂ ਤੋਂ ਬੇਮੁਖ ਹੋਵੇਗਾ। ਕੇਵਲ ਪੇਟ ਪਾਲਣਾ ਦੀ ਖ਼ਾਤਰ ਭਾਟੜਿਆਂ ਆਦਿ ਡਿੰਭ-ਧਾਰੀਆਂ ਨਿਆਈਂ ਸ਼ਸਤਰ-ਧਾਰੀ ਸਿੰਘ ਸਜਣਾ ਸ੍ਰੀ ਖੜਗਧਾਰੀ ਦਸਮੇਸ਼ ਜੀ ਦੇ ਹੁਕਮਾਂ ਤੋਂ ਉਲਟ ਹੈ। ਆਪ ਭੈ ਮੰਨਣਹਾਰ ਅਤੇ ਹੋਰਨਾਂ ਨੂੰ ਭੈ ਦੇਣਹਾਰੇ ਸੰਸਾਰੀ ਮਾਇਕ ਮਨੋਰਥਾਂ ਲਈ ਵੈਰ-ਵਿਰੋਧ ਕਮਾਵਣਹਾਰੇ ਜਰਵਾਣਿਆਂ ਦੇ ਖਲਦਲਾਂ ਵਿਚ ਕੇਵਲ ਉਪਜੀਵਕਾ ਹਿਤ ਲੋਕ-ਲਹਿਰ ਦੇ ਮਾਰੇ ਸ਼ਸਤਰਧਾਰੀ ਬਣ ਕੇ ਚਾਕਰੀਆਂ ਕਰਨੀਆਂ, ਸ਼ਸਤਰਧਾਰੀ ਪਦ, ਲਾਜ ਨੂੰ ਲਾਜ ਲਾਉਣਾ ਹੈ। ਸਿੰਘ ਸ਼ਸਤਰਧਾਰੀ ਜੇਕਰ ਅਜਿਹੇ ਸੂਰਮਿਆਂ ਵਿਚ ਜਾ ਕੇ ਕੇਵਲ ਉਪਜੀਵਕਾ ਨਮਿਤ ਨੋਕਰ ਹੋਣਗੇ ਤਾਂ ਉਨ੍ਹਾਂ ਦੀ ਸੂਰਮਤਾਈ ਨੂੰ ਵੱਟਾ ਹੀ ਨਹੀਂ ਲਗੇਗਾ, ਬਲਕਿ ਸੂਰਮਤਾਈ ਦੀ ਅਸਲ ਸਪਿਰਟ ਹੀ ਉਨ੍ਹਾਂ ਦੇ ਅੰਦਰ ਨਹੀਂ ਰਹੇਗੀ। ਸੂਰਮ-ਤਾਈ,ਸੂਰਬੀਰਤਾ ਦੀ ਸਪਿਰਟ ਬਿਹੂਨ ਸਿੰਘ ਕਾਹਦਾ? ਸਿੰਘ ਸੂਰਮਾ ਉਹ ਹੈ ਜੋ ਬੀਰ ਰਸ ਦੇ ਨਿਰਭੈ ਪਦ ਵਿਚ ਵਿਚਰਦਾ ਹੈ, ਅਤੇ ਚੜ੍ਹਦੀ ਕਲਾ ਓਥੇ ਹੈ ਜਿਥੇ ਲੋਭ-ਲਹਿਰ ਨਹੀਂ, ਜਿਥੇ ਮਾਇਕ ਮਨੋਰਥ ਨਹੀਂ, ਜਿਥੇ ਮਾਇਆਵੀ ਜੀਵਾ ਦੀ ਮੁਥਾਜੀ ਨਹੀਂ, ਜਿਥੇ ਗੁਰੂ ਅਕਾਲਪੁਰਖ ਤੋਂ ਛੁਟ ਅਤੇ ਗੁਰੂ ਪੰਥ ਦੀ ਆਗਿਆ ਤੋਂ ਉਲਟ ਹੋਰ ਕਿਸੇ ਦੀ ਈਨ-ਮਨੋਤੀ ਨਹੀਂ। ਜਿਥੇ ਏਸ ਪਰਕਾਰ ਦੀ ਕਾਣ ਹੈ ਓਥ ਨਿਰਭੈ ਪਦ ਕਿਥੇ ? ਅਤੇ ਨਿਰਭੈ ਪਦ ਵਾਲੀ ਨਿਰਭੈਤਾ ਬਿਹੂਣ ਸ੍ਰੀ ਸਾਹਿਬ ਸਾਰਖੇ ਸ਼ਸਤਰ ਨੂੰ ਧਾਰਨ ਕਰਨਾ, ਸ੍ਰੀ ਸਾਹਿਬ ਦੀ ਬੇਅਦਬੀ ਕਰਨਾ ਹੈ।

['ਗੁਰਮਤਿ ਬਿਬੇਕ' ਪੁਸਤਕ ਵਿਚੋਂ

*



www.AKJ.Org

# ਮਨੁੱਖਾ-ਜਨਮ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚੋਂ

[ਵਲੋਂ :—ਭਾਈ ਸਾਹਿਬ ਜੋਗਿੰਦਰ ਸਿੰਘ ਜੀ, ਤਲਵਾੜਾ]

ਰਾਮ ਦੀ ਜਗਤ-ਰਚਨਾ ਵਿਚੋਂ ਸਭ ਤੋਂ ਵਚਿੱਤਰ ਅਤੇ ਮਹੱਤਵ ਰਚਨਾ ਮਨੁੱਖ ਦੀ ਹੈ। ਮਨੁੱਖ ਧਰਤੀ ਦਾ ਸਰਦਾਰ ਹੈ ਅਤੇ ਬਾਕੀ ਦੀਆਂ ਸਾਰੀਆਂ ਜੂਨੀਆਂ ਦੇ ਜੀਵ ਜੰਤੂ ਇਸ ਦੀ ਤਾਬੇਦਾਰੀ ਵਿਚ ਹਨ। ਮਨੁੱਖਾ ਜਨਮ ਬੜਾ ਕੀਮਤੀ ਹੈ—

> ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥ [ਸਲੋਕ ਮ: ੯
>
> ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ ਨਾਨਕੁ ਕਹਤੁ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥ [ਸੋਰਠਿ ਮ: ੯

ਜੂਨਾਂ ਦਾ ਗੇੜਾ ਕਟਦਿਆਂ ਵਡੇ ਭਾਗਾਂ ਨਾਲ ਪ੍ਰਾਪਤ ਹੋਇਆ ਹੈ। ਮਨੁੱਖਾ ਜਨਮ ਵਾਹਿਗੁਰੂ-ਪ੍ਰਾਪਤੀ ਦਾ ਅਮੋਲਕ ਅਉਸਰ ਹੈ; ਇਹ ਬਾਰ ਬਾਰ ਨਹੀਂ ਮਿਲਣਾ। ਇਸ ਤੋਂ ਖੁੰਝਿਆਂ ਚੁਰਾਸੀ ਲਖ ਜੂਨਾਂ ਦਾ ਗੇੜਾ ਫਿਰ ਪੈ ਜਾਂਦਾ ਹੈ—

> ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥੨॥੯॥ [ਗਉੜੀ ਮ: ੯

ਮਨੁੱਖੀ ਸਰੀਰ ਪਰਕਿਰਤੀ ਦਾ ਹੀ ਅੰਗ ਹੈ ਤੇ ਇਸ ਵਿਚ ਸਮੇਂ ਦੇ ਗੇੜ ਨਾਲ ਤਬਦੀਲੀ ਵਾਪਰਦੀ ਰਹਿੰਦੀ ਹੈ। ਮਨੁੱਖ ਸੋਚਦਾ ਹੈ ਕਿ ਮੈਂ ਵਡਾ ਹੋ ਰਿਹਾ ਹਾਂ, ਪਰ ਅਸਲੀਅਤ ਇਹ ਹੈ ਕਿ ਛਿਨ ਛਿਨ ਕਰ ਕੇ ਉਮਰ ਘਟਦੀ ਰਹਿੰਦੀ ਹੈ। ਮਨੁੱਖੀ ਆਯੂ ਦੇ ਤਿੰਨ ਭਾਗ ਹਨ : ਬਚਪਨ, ਜਵਾਨੀ ਅਤੇ ਬੁਢੇਪਾ। ਹਰੇਕ ਅਵਸਥਾ ਦੇ ਆਪਣੇ ਗੁਣ ਹਨ ਤੇ ਨਾਲ ਹੀ ਨੁਕਸ ਵੀ; ਜਿਵੇਂ—

| ਅਵਸਥਾ | ਗੁਣ | ਨੁਕਸ |
|---|---|---|
| ਬਚਪਨ— | ਭੋਲਾਪਣ, ਨਿਰਛਲਤਾ, ਖੇੜਾ, ਤਾਜ਼ਗੀ | ਅੰਜਾਣ ਪੁਣਾ, ਬੇਸਮਝੀ |
| ਜਵਾਨੀ— | ਸਾਹਸ, ਬਲ, ਵਿਕਾਸ, (ਸ੍ਰੀਰਕ ਤੇ ਬੌਧਕ) ਚੇਤੰਨਤਾ | ਮਦ-ਮਸਤੀ, ਵਿਕਾਰ-ਗ੍ਰਸਤਤਾ |
| ਬੁਢੇਪਾ— | ਪਰਪਕਤਾ (maturity) ਤਜਰਬੇਕਾਰੀ, ਨਿਪੁੰਨਤਾ | ਨਿਰਬਲਤਾ, ਮੁਥਾਜੀ |

ਉਪ੍ਰੋਕਤ ਤਿੰਨੇ ਹੀ ਅਵਸਥਾਵਾਂ ਦੁਨਿਆਵੀ ਤੌਰ ਤੇ ਭਾਵੇਂ ਕਿੰਨੀਆਂ ਸੁਖੀ ਤੇ ਵਿਕਾਸ-ਸ਼ੀਲ ਕਿਉਂ ਨਾ ਹੋਣ, ਨਾਮ ਸਿਮਰਨ ਤੋਂ ਬਗ਼ੈਰ ਵਿਅਰਥ ਤੇ ਫਿਟਕਾਰ ਯੋਗ ਹਨ—

> ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥ ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥ [ਸਲੋਕ ਮ: ੯

ਮਨੁੱਖੀ ਸਰੀਰ ਦਾ ਡਰਾਮਾ; ਬਚਪਨ, ਜਵਾਨੀ ਅਤੇ ਬੁਢੇਪਾ, ਤਿੰਨ ਸੀਨ ਵਿਖਾ ਕੇ ਡਰਾਪ ਹੋ ਜਾਂਦਾ ਹੈ। ਇਸ ਸਰੀਰ ਦੀ ਪਾਇਆਂ ਕੋਈ ਨਹੀਂ। ਬਾਰਸ਼ ਦੇ ਗੜਿਆਂ ਵਾਂਗ ਛਿਨ-ਭੰਗਰ ਅਤੇ ਨਾਸ਼ਮਾਨ ਹੈ—

> ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ ॥੧॥ਰਹਾਉ॥ [ਜੈਜਾਵੰਤੀ ਮ: ੯

ਇਹ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ ਅਤੇ ਅੰਤ ਨੂੰ ਇਹਨਾਂ ਵਿਚ ਹੀ ਸਮਾ ਜਾਂਦਾ ਹੈ—

> ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨੁ ॥੧੧॥ [ਸਲੋਕ ਮ: ੯

ਵੇਖਣ ਨੂੰ ਤਾਂ ਇਹ ਸਰੀਰ ਚਲਦਾ ਫਿਰਦਾ ਨਜ਼ਰ ਆਉਂਦਾ ਹੈ, ਪਰ ਵਾਸਤਵ ਵਿਚ ਇਹ ਸਰੀਰ ਮਿੱਟੀ ਦਾ ਪੁਤਲਾ ਹੈ ਅਤੇ ਇਸ ਨੂੰ ਚਲਾਉਣ ਵਾਲੀ ਈਸ਼ਵਰੀ ਸ਼ਕਤੀ ਇਸ ਦੇ ਅੰਦਰ ਵਸਦੀ ਹੈ, ਜੋ ਅਦ੍ਰਿਸ਼ਟ ਹੈ; ਪਰ ਹੈ ਸੱਚੀ ਅਤੇ ਸਦੀਵੀ—

> ਸਾਧੋ ਇਹੁ ਤਨੁ ਮਿਥਿਆ ਜਾਨਉ ॥ ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ਰਹਾਉ॥੧॥ [ਬਸੰਤੁ ਮ: ੯



www.AKJ.Org

ਵਿਵੇਕ ਦੀ ਦ੍ਰਿਸ਼ਟੀ ਨਾ ਹੋਣ ਕਾਰਨ ਮਨੁੱਖ ਨੂੰ ਸਰੀਰ ਵਿਚ ਵਸਦਾ ਰਮਤ-ਰਾਮ ਦਿਸਦਾ ਨਹੀਂ ਤੇ ਮਨੁੱਖ ਇਸ ਦਿਸਦੇ ਸਰੀਰ ਨੂੰ ਹੀ 'ਸਤਿ' ਮੰਨ ਕੇ ਇਸ ਨੂੰ ਪਾਲਣ, ਪੋਸਣ, ਅਤੇ ਸਵਾਰਨ ਸ਼ਿੰਗਾਰਨ ਵਿਚ, ਅਥਵਾ ਦੇਹ-ਅਧਿਆਸ ਵਿਚ ਸਾਰੀ ਉਮਰ ਰੁਝਿਆ ਰਹਿੰਦਾ ਹੈ, ਜਿਸ ਕਾਰਨ ਜਨਮ ਵਿਅਰਥ ਲੰਘ ਜਾਂਦਾ ਹੈ ਅਤੇ ਖੁਆਰੀ ਹੀ ਪਲੇ ਪੈਂਦੀ ਹੈ।

ਯਥਾਰਥ ਇਹ ਹੈ ਕਿ ਸਰੀਰ ਦੀ ਮਹੱਤਤਾ ਓਨੀ ਦੇਰ ਤਕ ਹੈ, ਜਿੰਨੀ ਦੇਰ ਤਕ ਇਸ ਵਿਚ ਰੂਹ ਵਸਦੀ ਹੈ। ਰੂਹ ਦੇ ਸਰੀਰ ਵਿਚੋਂ ਉਡਾਰੀ ਮਾਰਦਿਆਂ ਹੀ ਇਹ ਸਰੀਰ ਨਿਕੰਮੀ ਮਿੱਟੀ ਦੇ ਰੂਪ ਵਿਚ ਬਾਕੀ ਰਹਿ ਜਾਂਦਾ ਹੈ, ਜੋ ਫ਼ਜ਼ੂਲ ਜਾਣ ਕੇ ਸਾੜ ਫੂਕ ਦਿੱਤਾ ਜਾਂਦਾ ਹੈ—

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮਹਿ ਮੀਤ ॥ ਜਿਹ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹ ਜਗੁ ਜੀਤਿ ॥੪੨॥ [ਸਲੋਕ ਮ: ੯

ਜੀਉ ਛੁਟਿਓ ਜਬ ਦੇਹ ਤੇ ਡਾਰਿ ਅਗਨਿ ਮਹਿ ਦੀਨਾ ॥੧॥੨॥ [ਤਿਲੰਗ ਮ: ੯

ਸਰੀਰ, ਨਾਲ ਨਿਭਣ ਵਾਲੀ ਸ਼ੈ ਨਹੀਂ, ਪਰ ਅਸਚਰਜਤਾ ਵਾਲੀ ਗੱਲ ਹੈ ਕਿ ਇਸ ਵਿਚ ਉਲਝ ਕੇ ਮਨੁੱਖ ਆਤਮਾ ਅਤੇ ਪਰਮਾਤਮਾ ਵਲੋਂ ਸਾਰੀ ਉਮਰ ਅਵੇਸਲਾ ਕਿਉਂ ਰਹਿੰਦਾ ਹੈ ਅਤੇ ਨਾਸਮਾਨ ਪਦਾਰਥਾਂ ਨੂੰ ਸਥਿਰ ਕਿਉਂ ਮੰਨੀ ਬੈਠਾ ਹੈ—

ਇਕਿ ਬਿਨਸੈ ਇਕਿ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ਰਹਾਉ॥੮॥ [ਗਉੜੀ ਮ: ੯

ਮਨੁੱਖਾ ਦੇਹ ਦੀ ਵਿਸ਼ੇਸ਼ਤਾ ਅਤੇ ਸਰਬੋਤਮਤਾ ਬਿਬੇਕ ਬੁਧੀ ਕਰਕੇ ਹੀ ਹੈ। ਨਾਮ ਸਿਮਰਨ ਵਾਲਾ ਸਰੀਰ ਸਫਲ ਹੈ। ਨਾਮ-ਹੀਣ ਮਨੁੱਖ ਦੀ ਦੇਹੀ ਵਿਅਰਥ ਹੈ; ਇਸ ਵਿਚ ਅਤੇ ਕਾਵਾਂ ਕੁੱਤਿਆਂ ਸੂਰਾਂ ਆਦਿ ਗੰਦ-ਖਾਣੇ ਪਸ਼ੂ-ਪੰਖੀਆਂ ਦੀ ਦੇਹੀ ਵਿਚ ਕੋਈ ਫ਼ਰਕ ਨਹੀਂ—

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥ ਜੈਸੇ ਸੂਕਰ ਸੁਆਨੁ ਨਾਨਕ ਮਾਨੋ ਤਾਹਿ ਤਨੁ ॥੪੪॥ [ਸਲੋਕ ਮ: ੯

ਜਾ ਮਹਿ ਭਜਨੁ ਰਾਮ ਕੋ ਨਾਂਹੀ ॥ ਤਿਨ ਨਰਿ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥੧॥ਰਹਾਉ॥੩॥ [ਬਿਲਾਵਲੁ ਮ: ੯

[ਪੁਸਤਕ "ਸਟੀਕ ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ" ਚੋਂ

---

## ਹੁਸ਼ਿਆਰ ਵਿਖੇ ਰੈਣ-ਸਬਾਈ ਕੀਰਤਨ

ਗੁਰਦਵਾਰਾ ਭਾਈ ਜੋਗਾ ਸਿੰਘ ਜੀ ਹੁਸ਼ਿਆਰਪੁਰ ਵਿਖੇ ੧੨ ਮਾਰਚ ਸ਼ਨੀਵਾਰ ਨੂੰ ਅਠ ਵਜੇ ਰੈਣ-ਸਬਾਈ ਕੀਰਤਨ ਅਰੰਭ ਹੋਣਗੇ, ਜਿਸ ਦੇ ਭੋਗ ੧੩ ਮਾਰਚ ਐਤਵਾਰ ਸਵੇਰੇ ਸਤ ਵਜੇ ਪੈਣਗੇ। ਫਗਵਾੜਾ ਗੁਰਾਇਆ ਅਤੇ ਹੋਰ ਥਾਵਾਂ ਤੋਂ ਅਖੰਡ ਕੀਰਤਨ ਜਥੇ ਪੁਜ ਰਹੇ ਹਨ। ਹਰਿਜਸ ਦੇ ਲਾਹੇ ਲੈਣ ਸਮੂਹ ਸਜਣਾਂ ਮਿਤਰਾਂ ਤੇ ਪਰਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨ ਜੱਥਾ, ਹੁਸ਼ਿਆਰਪੁਰ

---

## ਪਾਰੋਵਾਲ (ਗੁਰਦਾਸਪੁਰ) ਵਿਖੇ ਕੀਰਤਨ ਰੈਣ-ਸਬਾਈ

ਸ: ਅਵਤਾਰ ਸਿੰਘ ਜੀ ਪਾਰੋਵਾਲ ਤੋਂ ਇਤਲਾਹ ਦਿੰਦੇ ਹਨ ਕਿ ੧੯ ਮਾਰਚ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਸਾਹਿਬ ਪਾਰੋਵਾਲ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਜਿਸ ਵਿਚ ਗੁਰਦਾਸਪੁਰ ਅਤੇ ਇਲਾਕੇ ਦੇ ਅਖੰਡ ਕੀਰਤਨੀ ਜਥੇ ਹਾਜ਼ਰੀਆਂ ਭਰ ਰਹੇ ਹਨ। ਸਮੂੰਹ ਸੰਗਤਾਂ ਮਾਈ ਭਾਈ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



www.AKJ.Org

# ਜਾਪੁ ਸਾਹਿਬ—ਕਾਵਿ ਅਨੁਵਾਦ

[ਵਲੋਂ :—ਜੇ. ਪੀ. ਸੰਗਤ ਸਿੰਘ ਜੀ, 75/3, ਮੁਲੰਡ ਕਾਲੋਨੀ, ਬੰਬਈ—82]

## ਕਰਨ ਕਾਰਨ ਪ੍ਰਭੂ (ਪਿਛੇ ਤੋਂ ਅਗੇ)

### ਭੁਯੰਗ ਪ੍ਰਯਾਤ ਛੰਦ ॥

**ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥ ਨਮੋ ਦੇਵ ਦੇਵੇ ॥ ਅਭੇਖੀ ਅਭੇਵੇ ॥੪੪॥**

**ਸ਼ਬਦਾਰਥ**—ਸਰਬ ਮਾਨੇ=ਸਰਬ ਮਾਨਯ, ਸਭ ਦਾ ਮਾਨਯੋਗ। ਅਭੇਖੀ=ਜਿਸ ਦਾ ਕੋਈ ਭੇਖ ਨਾ ਹੋਵੇ।। ਸਮਸਤੀ=ਸਭ ਹੀ। ਦੇਵ ਦੇਵੇ=ਦੇਵਤਿਆਂ ਦਾ ਦੇਵਤਾ। ਅਭੇਵੇ=ਜਿਸ ਦਾ ਕੋਈ ਭੇਦ ਨ ਪਾਇਆ ਜਾ ਸਕੇ।

**ਭਾਵਾਰਥ**—ਤੂੰ ਸਰਬਤ ਦਾ ਮਾਨਯੋਗ ਹੈਂ, ਸਰਬਤ ਗੁਣਾਂ ਪਦਾਰਥਾਂ ਦਾ ਮਹਾਨ ਭੰਡਾਰ ਹੈਂ, ਤੂੰ ਦੇਵਤਿਆਂ ਦਾ ਵੀ ਦੇਵਤਾ ਹੈਂ, ਅਭੇਖ ਹੈਂ, ਤੇਰਾ ਕੋਈ ਭੇਦ ਨਹੀਂ ਲਭਦਾ।

**ਕਾਵਿ ਭਾਵਾਰਥ :—**

ਸਭ ਦੇ ਦਿਲਾਂ ਵਿਚ ਮਾਨ ਸਤਿਕਾਰ ਤੇਰਾ, ਤੂੰ ਹੈਂ ਸਰਬ ਗੁਣ ਮਹਾਂ ਭੰਡਾਰ ਪ੍ਰੀਤਮ।
ਸਭਨਾਂ ਦੇਵਾਂ ਦਾ ਦੇਵ ਸ਼੍ਰੋਮਣੀ ਤੂੰ, ਤੂੰ ਅਭੇਖ ਤੇ ਅਪਰ ਅਪਾਰ ਪ੍ਰੀਤਮ।

**ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥ ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥੪੫॥**

**ਸ਼ਬਦਾਰਥ**—ਕਾਲ ਕਾਲੇ=ਮੌਤ ਦੀ ਵੀ ਮੌਤ। ਸਰਬ ਪਾਲੇ=ਸਭ ਦਾ ਪਾਲਕ। ਸਰਬ ਗਉਣੇ=ਹਰ ਥਾਵੇਂ ਵਿਆਪਕ। ਸਰਬ ਭਉਣੇ—ਹਰ ਹਿਰਦੇ ਵਿਚ ਮੌਜੂਦ।

**ਭਾਵਾਰਥ**—ਪ੍ਰਭੂ ! ਤੂੰ ਮੌਤ ਦੀ ਵੀ ਮੌਤ ਹੈਂ, ਨਾਲ ਹੀ ਜੀਵ ਮਾਤ੍ਰ ਦੀ ਪਾਲਨਾ ਕਰਨ ਵਾਲਾ ਹੈਂ, ਹਰ ਥਾਂ ਵਿਆਪਕ ਹੈਂ, ਹਰ ਹਿਰਦੇ ਵਿਚ ਮੌਜੂਦ ਹੈਂ। ਤੈਨੂੰ ਨਮਸਕਾਰ ਕਰਦਾ ਹਾਂ।

**ਕਾਵਿ ਭਾਵਾਰਥ :—**

ਤੂੰ ਹੈਂ ਮੌਤ ਦੀ ਵੀ ਮੌਤ, ਪ੍ਰਭੂ ਮੇਰੇ, ਸਭ ਨੂੰ ਪਾਲਨੈ ਤੂੰ, ਪਾਲਨਹਾਰ ਸਭ ਦਾ।
ਤੈਨੂੰ ਨਮੋ, ਮੌਜੂਦ ਹਰ ਗਉਣ ਦੇ ਵਿਚ, ਹਾਜ਼ਰ ਨਾਜ਼ਰ ਹਰ ਭਉਣ, ਦਾਤਾਰ ਸਭ ਦਾ।

**ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥ ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥੪੬॥**

**ਸ਼ਬਦਾਰਥ**—ਅਨੰਗੀ=ਅਨ+ਅੰਗੀ=ਅੰਗ ਰਹਿਤ। ਅਨਾਥ=ਜਿਸ ਦਾ ਕੋਈ ਮਾਲਕ (ਸੁਆਮੀ) ਨਾ ਹੋਵੇ। ਨ੍ਰਿਸੰਗੀ=ਜਿਸ ਦਾ ਕੋਈ ਸੰਗੀ ਸਾਥੀ ਨਾ ਹੋਵੇ। ਪ੍ਰਮਾਥੇ=ਨਾਸ ਕਰਨ ਵਾਲਾ। ਭਾਨ ਭਾਨੇ=ਸੂਰਜਾਂ ਦਾ ਵੀ ਸੂਰਜ, ਸੂਰਜ ਨੂੰ ਵੀ ਪ੍ਰਕਾਸ਼ ਦੇਣ ਵਾਲਾ। ਮਾਨ ਮਾਨੇ=ਮਾਨਯੋਗ ਲੋਕਾਂ ਦਾ ਵੀ ਪੂਜਯ।

**ਭਾਵਾਰਥ**—ਪ੍ਰਭੂ ਤੈਨੂੰ ਨਮਸਕਾਰ ਕਰਦਾ ਹਾਂ, ਤੇਰਾ ਕੋਈ ਅੰਗ ਨਹੀਂ, ਨਾ ਹੀ ਤੇਰਾ ਕੋਈ ਸੁਆਮੀ ਹੈ, ਨਾ ਕੋਈ ਸਾਥੀ ਹੈ। ਤੂੰ ਸਭ ਦਾ ਨਾਸ ਕਰਨਹਾਰ ਹੈਂ, ਸੂਰਜ ਨੂੰ ਵੀ ਪ੍ਰਕਾਸ਼ ਦੇਣ ਵਾਲਾ ਅਤੇ ਮਾਨਯੋਗ ਲੋਕਾਂ ਦਾ ਵੀ ਪੂਜਯ ਹੈਂ।

**ਕਾਵਿ ਭਾਵਾਰਥ :—**

ਤੇਰਾ ਅੰਗ ਨ ਸੁਆਮੀ, ਨ ਸਾਥ ਕੋਈ, ਕਰੇਂ ਨਾਸ ਸਭ ਦਾ, ਹੇ ਪ੍ਰਮਾਥ ਸੁਆਮੀ।
ਤੈਨੂੰ ਨਮੋ, ਸੂਰਜ ਨੂੰ ਵੀ ਤੇਜ ਦੇਵੇਂ, ਸਭ ਦਾ ਮਾਣ ਤੂਹੀਓਂ ਮੇਰੇ ਨਾਥ ਸੁਆਮੀ।



www.AKJ.Org

**ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥ ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥੪੭॥**

**ਸ਼ਬਦਾਰਥ**—ਚੰਦ੍ਰ ਚੰਦ੍ਰੇ=ਚੰਦ੍ਰਮਾ ਦਾ ਵੀ ਚੰਨ, ਚੰਨ ਨੂੰ ਵੀ ਪ੍ਰਕਾਸ਼ ਦੇਣ ਵਾਲਾ । ਭਾਨ ਭਾਨੇ= ਮਹਾਨ ਸੂਰਜ । ਗੀਤ ਗੀਤੇ=ਗੀਤਾਂ ਚੋਂ ਸੁੰਦਰ ਗੀਤ । ਤਾਨ ਤਾਨੇ=ਤਾਨਾਂ ਚੋਂ ਸਭ ਤੋਂ ਵਧ ਦਿਲ-ਖਿਚਵੀਂ ਤਾਨ ।

**ਭਾਵਾਰਥ**—ਤੈਨੂੰ ਮੇਰੀ ਨਮਸਕਾਰ ਹੈ, ਚੰਨ ਤੇ ਸੂਰਜ, ਪ੍ਰਕਾਸ਼ ਤੇ ਤੇਜ ਲਈ ਤੇਰੇ ਹੀ ਮੁਥਾਜ ਹਨ । ਤੂੰ ਗੀਤਾਂ ਚੋਂ ਇਕ ਸੁੰਦਰ ਗੀਤ ਹੈਂ ਤੇ ਸੁਰਾਂ ਚੋਂ ਅਤਿ ਮਨਮੋਹਣੀ ਸੁਰ ।

**ਕਾਵਿ ਭਾਵਾਰਥ:—**

ਮੇਰੇ ਪ੍ਰਭੂ ! ਤੂੰ ਸੁਆਮੀ ਹੈਂ ਚੰਦ੍ਰਮਾ ਦਾ, ਨਾਲੇ ਸੂਰਜ ਦਾ ਵੀ ਮਹਾਂ ਭਾਨ ਪ੍ਰੀਤਮ ।
ਸੁੰਦਰ ਗੀਤ ਹੈਂ ਤੂੰ ਗੀਤਾਂ ਵਿਚੋਂ ਪਿਆਰੇ, ਤੈਨੂੰ ਨਮੋ, ਦਿਲ ਨੂੰ ਧੂਹਦੀ ਤਾਨ ਪ੍ਰੀਤਮ ।

**ਨਮੋ ਨ੍ਰਿਤ ਨ੍ਰਿਤੇ ॥ ਨਮੋ ਨਾਦ ਨਾਦੇ ॥ ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥੪੮॥**

**ਸ਼ਬਦਾਰਥ**—ਨ੍ਰਿਤ—ਨਾਚ । ਨਾਦ=ਤਰਾਨਾ, ਬੋਲ । ਪਾਨ=ਡੁਗਡਗੀ ਜਾਂ ਢੋਲ ਵਜਾ ਕੇ ਤਮਾਸ਼ਬੀਨ ਇਕੱਠੇ ਕਰਨ ਵਾਲਾ । ਬਾਦ—ਢੋਲਚੀ ਜਾਂ ਨਗਾਰਚੀ । ਪਾਨ=ਬਾਦ=ਨਗਾਰਚੀਆਂ ਦਾ ਵੀ ਨਗਾਰਚੀ ।

**ਭਾਵਾਰਥ**—ਤੈਨੂੰ ਨਮਸਕਾਰ ਹੈ, ਤੂੰ ਮਹਾਂ ਨਾਚ ਹੈਂ, ਇਕ ਸੁੰਦਰ ਤਰਾਨਾ ਹੈਂ, ਤੂੰ ਹੀ ਢੋਲ ਵਜਾ ਕੇ ਸਾਰਾ ਜਗਤ-ਮੇਲਾ ਇਕੱਠਾ ਕੀਤਾ ਹੋਇਆ ਹੈ ।

**ਕਾਵਿ ਭਾਵਾਰਥ :—**

ਨਾਚਾਂ ਵਿਚ ਪ੍ਰੀਤਮ ! ਮਹਾਂ ਨਾਚ ਹੈਂ ਤੂੰ, ਵਿਚ ਤਰਾਨਿਆਂ, ਇਕ ਸੁੰਦਰ ਨਾਦ ਨਾਲੇ ।
ਸਾਰਾ ਜਗਤ-ਮੇਲਾ, ਤੂੰਹੀਓਂ ਜੋੜ ਰਖਿਐ, ਤੂੰ ਨਗਾਰਚੀ ਹੈਂ ਮਹਾਂ ਬਾਦ ਨਾਲੇ ।

**ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥ ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥੪੯॥**

**ਸ਼ਬਦਾਰਥ**—ਅਨੰਗੀ=ਅੰਗ ਰਹਿਤ । ਅਨਾਮ=ਨਾਮ ਰਹਿਤ । ਸਮਸਤੀ ਸਰੂਪੇ=ਸਾਰੇ ਸਰੂਪ ਹੀ ਜਿਸਦੇ ਆਪਣੇ ਰੂਪ ਹੋਣ । ਪ੍ਰਭੰਗੀ=ਪਰਲੈ ਲਿਆਉਣ ਵਾਲਾ । ਬਿਭੂਤੇ=ਸਿਧੀਆਂ ਦਾ ਦਾਤਾ ।

**ਭਾਵਾਰਥ**—ਪ੍ਰਭੂ, ਤੂੰ ਅੰਗ ਰਹਿਤ, ਨਾਮ ਰਹਿਤ, ਐਪਰ ਹਰ ਸਰੂਪ ਵਿਚ ਮੌਜੂਦ ਹੈਂ । ਪਰਲੈ ਲਿਆਉਣ ਵਾਲਾ, ਸਭ ਦਾ ਨਾਸ ਕਰਨ ਵਾਲਾ ਅਤੇ ਸਭ ਜੀਵਾਂ ਲਈ ਰਿਧੀ ਸਿਧੀ ਵੀ ਤੂੰ ਹੀ ਹੈਂ ।

**ਕਾਵਿ ਭਾਵਾਰਥ:—**

ਤੇਰਾ ਅੰਗ ਨਾ ਤੇਰਾ ਕੋਈ ਨਾਉਂ ਪ੍ਰੀਤਮ, ਹਰ ਇਕ ਰੂਪ ਅੰਦਰ ਦਿਸੇ ਰੂਪ ਤੇਰਾ ।
ਸਭ ਦਾ ਨਾਸ਼-ਕਰਤਾ ਵੀ ਹੈਂ ਤੂੰਹੀ ਨਾਲੇ, ਸਭ ਲਈ ਸਿਧੀ-ਦਾਤਾ ਹੈ ਸਰੂਪ ਤੇਰਾ ।

**ਕਲੰਕੰ ਬਿਨਾ ਨੇਕਲੰਕੀ ਸਰੂਪੇ ॥ ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ ॥੫੦॥**

**ਸ਼ਬਦਾਰਥ**—ਕਲੰਕੰ ਬਿਨਾ=ਕਲੰਕ ਅਥਵਾ ਦਾਗ ਰਹਿਤ, ਨਿਹਕਲੰਕੀ । ਰਾਜੇਸ੍ਵਰੰ=ਰਾਜ+ ਈਸ਼ਵਰ, ਰਾਜਿਆਂ ਦਾ ਰਾਜਾ । ਪਰਮ ਰੂਪ=ਸਭ ਤੋਂ ਉਚ ਹਸਤੀ ।

**ਭਾਵਾਰਥ** :—ਤੇਰਾ ਸਰੂਪ ਕਲੰਕ ਰਹਿਤ ਹੈ । ਤੂੰ ਰਾਜਿਆਂ ਦਾ ਵੀ ਰਾਜਾ ਤੇ ਪਰਮ ਉਚ ਹਸਤੀ ਹੈਂ, ਤੈਨੂੰ ਨਮਸਕਾਰ ਕਰਦਾ ਹਾਂ ।

**ਕਾਵਿ ਭਾਵਾਰਥ—**

ਤੈਨੂੰ ਦਾਤਿਆ ਕੋਈ ਕਲੰਕ ਨਹੀਂ ਹੈ, ਨਿਹਕਲੰਕ ਸਰੂਪ, ਦਾਤਾਰ ਪ੍ਰੀਤਮ ।
ਰਾਜਾ, ਰਾਜਿਆਂ ਦਾ ਅਧਿਰਾਜ ਦਾਤਾ, ਤੇਰਾ ਸਰੂਪ ਅਤੀ ਉੱਚ ਦਾਤਾਰ ਪ੍ਰੀਤਮ ।



www.AKJ.Org

**ਨਮੋ ਜੋਗ ਜੋਗੇਸ੍ਵਰੰ ਪਰਮ ਸਿਧੇ ॥ ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ ॥੫੧॥**

**ਸ਼ਬਦਾਰਥ**–ਜੋਗੇਸ੍ਵਰੰ=ਜੋਗ+ਈਸ਼ਵਰ, ਜੋਗੀਆਂ ਦਾ ਰਾਜਾ, ਜੋਗੀਰਾਜ, ਪਰਮ ਸਿਧੇ=ਸਿਧੀਆਂ ਦਾ ਮਾਲਕ। ਰਾਜੇਸ੍ਵਰੰ=ਅਧਿਰਾਜ। ਪਰਮ ਬ੍ਰਿਧੇ=ਸਭ ਤੋਂ ਵੱਡਾ।

**ਭਾਵਾਰਥ**–ਪ੍ਰਭੂ! ਤੈਨੂੰ ਨਮਸੰਕਾਰ ਹੈ, ਤੂੰ ਜੋਗੀ ਰਾਜ ਹੈਂ, ਸਿਧੀਆਂ ਦਾ ਸੁਆਮੀ ਹੈਂ, ਰਾਜਿਆਂ ਵਿਚ ਅਧਿਰਾਜ ਹੈਂ ਅਤੇ ਸਭ ਤੋਂ ਵਡਾ ਹੈਂ।

**ਕਾਵਿ ਭਾਵਾਰਥ** :--

ਸਭਨਾਂ ਸਿਧੀਆਂ ਦਾ ਦਾਤਾ ਸੁਆਮੀ ਹੈਂ ਤੂੰ, ਨਾਲੇ ਜੋਗੀਆਂ ਵਿਚ ਜੋਗੀ-ਰਾਜ ਪ੍ਰੀਤਮ।
ਸਭ ਤੋਂ ਵਡਾ ਹੈਂ ਪਰਮ ਮਹਾਨ ਦਾਤਾ, ਨਾਲੇ ਰਾਜਿਆਂ ਵਿਚ ਅਧਿਰਾਜ ਪ੍ਰੀਤਮ।

**ਨਮੋ ਸ਼ਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥ ਨਮੋ ਪਰਮ ਗਯਾਤਾ ॥ ਨਮੋ ਲੋਕ ਮਾਤਾ ॥੫੨॥**

**ਸ਼ਬਦਾਰਥ**–ਸ਼ਸਤਰ=ਕਟਣ ਵਾਲਾ ਹਥਿਆਰ, ਤਲਵਾਰ ਛੁਰੀ ਆਦਿ। ਅਸਤਰ=ਵਗਾ ਕੇ ਮਾਰਨ ਵਾਲਾ–ਤੀਰ, ਬਲਮ ਆਦਿ। ਪਰਮ ਗਯਾਤਾ=ਸਭ ਕੁਝ ਜਾਣਨ ਵਾਲਾ। ਲੋਕ ਮਾਤਾ=ਜਗਤ ਦੀ ਮਾਂ, ਸਭ ਸੰਸਾਰ ਨੂੰ ਮਾਂ ਵਾਂਗ ਪਿਆਰ ਕਰਨ ਵਾਲਾ।

**ਭਾਵਾਰਥ**–ਪ੍ਰਭੂ ਜੀਓ, ਤੈਨੂੰ ਨਮਸਕਾਰ ਹੈ, ਤੂੰ ਸ਼ਸਤ੍ਰਾਂ ਅਸਤ੍ਰਾਂ ਦਾ ਧਾਰਨੀ ਹੈਂ, ਸਰਬਤ ਦਾ ਜਾਣਨਹਾਰ ਹੈਂ, ਅਤੇ ਸਰਬਤ੍ਰ ਨੂੰ ਮਾਂ ਵਰਗਾ ਪਿਆਰ ਦੇਣ ਵਾਲਾ ਹੈਂ।

**ਕਾਵਿ ਭਾਵਾਰਥ** :–

ਸਭ ਪ੍ਰਕਾਰ ਦੇ ਸ਼ਸਤ੍ਰਾਂ ਅਸਤ੍ਰਾਂ ਦੇ ਸੁਆਮੀ ਪ੍ਰੀਤਮਾ! ਹੈ ਨਮਸਕਾਰ ਮੇਰੀ।
ਜਾਣਨਹਾਰ ਸਰਬਤ੍ਰ ਨੂੰ ਪ੍ਰਭੂ ਮੇਰੇ! ਹੈਂ ਤੂੰ ਜਗਤ ਮਾਤਾ, ਨਮਮਕਾਰ ਮੇਰੀ।

**ਅਭੇਖੀ ਅਭਰਮੀ ॥ ਅਭੋਗੀ ਅਭੁਗਤੇ ॥ ਨਮੋ ਜੋਗ ਜੋਗੇਸ੍ਵਰੰ ॥ ਪਰਮ ਜੁਗਤੇ ॥੫੩॥**

**ਸ਼ਬਦਾਰਥ**–ਅਭੇਖੀ=ਭੇਖ ਰਹਿਤ। ਅਭਰਮੀ=ਭਰਮ-ਮੁਕਤ। ਅਭੋਗੀ=ਜਿਹੜਾ ਨਾ ਤਾਂ ਭੋਗਦਾ ਹੋਵੇ, ਨਾ ਹੀ ਭੋਗਿਆ ਜਾ ਸਕਦਾ ਹੋਵੇ। ਪਰਮ ਜੁਗਤੇ=ਸਭ ਤੋ ਮਹਾਨ ਜੁਗਤੀ ਅਥਵਾ ਢੰਗ ਵਾਲਾ।

**ਭਾਵਾਰਥ** –ਪ੍ਰਭੂ ਤੈਨੂੰ ਨਮਸਕਾਰ ਹੈ, ਤੂੰ ਭੇਖ ਰਹਿਤ ਹੈਂ, ਭਰਮ-ਮੁਕਤ ਹੈਂ, ਨਾ ਭੋਗਦਾ ਹੈਂ ਨਾ ਭੋਗਿਆ ਜਾ ਸਕਦਾ ਹੈਂ, ਰਾਜ ਜੋਗੀ ਹੈਂ ਅਤੇ ਸੁਚੱਜੇ ਢੰਗ ਵਾਲਾ ਹੈਂ।

**ਕਾਵਿ ਭਾਵਾਰਥ**—

ਤੇਰਾ ਵੇਸ ਕੋਈ ਨਹੀਂ, ਨਾ ਕੋਈ ਭਰਮ ਤੈਨੂੰ, ਵਿਸ਼ੇ ਭੋਗਾਂ ਦਾ ਵੀ ਨਹੀਂ ਧਿਆਨ ਤੈਨੂੰ।
ਤੈਨੂੰ ਨਮੋ, ਜੋਗੀਰਾਜ ਜੋਗੀਆਂ ਦੇ, ਜੋਗ ਜੁਗਤ ਦਾ ਪੂਰਨ ਗਿਆਨ ਤੈਨੂੰ।

**ਨਮੋ ਨਿਤ ਨਾਰਾਇਣੇ ਕਰੂਰ ਕਰਮੇ ॥ ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ ॥੫੪॥**

**ਸ਼ਬਦਾਰਥ**–ਕ੍ਰੂਰ ਕਰਮੇ=ਦੁਸ਼ਟ ਕਰਮਾਂ ਵਾਲੇ। ਪ੍ਰੇਤ=ਭੈੜੀ ਜੂਨ। ਅਪ੍ਰੇਤ=ਚੰਗੀ ਜੂਨ, ਪਵਿਤਰ ਆਤਮਾ। ਸੁਧਰਮ=ਜ਼ਿਮੇਵਾਰੀ ਨਾਲ। ਦੇਵ–ਪਰਕਾਸ਼ ਰੂਪ।

**ਭਾਵਾਰਥ**–ਪ੍ਰਭੂ ਤੈਨੂੰ ਪ੍ਰਣਾਮ ਹੈ, ਤੂੰ ਸਦਾ ਹੀ ਦੁਸ਼ਟ ਕਰਮੀਆਂ ਦੀ ਵੀ ਪ੍ਰਤਿਪਾਲਣਾ ਕਰਨ ਵਾਲਾ ਹੈਂ ਅਤੇ ਮਲੀਨ ਰੂਹਾਂ ਅਤੇ ਦੇਵ ਆਤਮਾਵਾਂ ਦਾ ਪ੍ਰਕਾਸ਼ ਰੂਪ ਵੀ ਹੈਂ ਅਤੇ ਸ੍ਰੇਸ਼ਟ ਨੀਯਮਾਂ ਤੇ ਢੰਗਾਂ ਵਾਲਾ ਹੈਂ।

**ਕਾਵਿ ਭਾਵਾਰਥ** :–

ਤੈਨੂੰ ਨਮੋ, ਨਾਰਾਇਣ ਹੇ ਜਗਤ ਪਾਲਕ, ਕੁਕਰਮੀਆਂ ਦਾ ਪਾਲਕ ਵੀ ਆਪ ਹੀ ਹੈਂ।
ਚੰਗੀਆਂ ਮੰਦੀਆਂ ਰਹਾਂ ਦਾ ਪ੍ਰਕਾਸ਼ ਦਾਤਾ, ਤੇ ਸੁਢੰਗ ਪਾਲਨ ਕਰਤਾ ਆਪ ਹੀ ਹੈਂ।



www.AKJ.Org

ਨਮੋ ਰੋਗ ਹਰਤਾ ॥ ਨਮੋ ਰਾਗ ਰੂਪੇ ॥ ਨਮੋ ਸ਼ਾਹ ਸ਼ਾਹੰ ॥ ਨਮੋ ਭੂਪ ਭੂਪੇ ॥੫੫॥

**ਸ਼ਬਦਾਰਥ**– ਰੋਗ ਹਰਤਾ=ਰੋਗਾਂ ਬੀਮਾਰੀਆਂ ਨੂੰ ਨਾਸ ਕਰਨ ਵਾਲਾ। ਰਾਗ ਰੂਪੇ=ਪ੍ਰੇਮ ਰੂਪ। ਸ਼ਾਹ ਸ਼ਾਹੰ=ਸ਼ਾਹਾਂ ਦਾ ਸ਼ਾਹ, ਪਾਤਿਸ਼ਾਹ। ਭੂਪ ਭੂਪੇ=ਰਾਜਿਆਂ ਦਾ ਰਾਜਾ। ਮਹਾਰਾਜਾ, ਅਧਿਰਾਜ।

**ਭਾਵਾਰਥ**–ਪ੍ਰਭੂ ਤੈਨੂੰ ਪ੍ਰਨਾਮ ਹੈ, ਤੂੰ ਹਰ ਰੋਗ ਦਾ ਨਾਸਕ ਹੈਂ, ਪ੍ਰੇਮ ਸਰੂਪ ਹੈਂ, ਸ਼ਾਹਾਂ ਦਾ ਸ਼ਾਹ ਹੈਂ ਅਤੇ ਰਾਜਿਆਂ ਦਾ ਅਧਿਰਾਜ ਹੈ।

**ਕਾਵਿ ਭਾਵਾਰਥ :–**

ਹਰ ਇਕ ਰੋਗ ਨਾਸ਼ਕ, ਤੂੰ ਅਘ ਓਘ ਹਰਤਾ, ਪ੍ਰੇਮ ਰੂਪ ਦਾਤਾ, ਨਮਸਕਾਰ ਤੈਨੂੰ।
ਹੈਂ ਮਹਾਰਾਜ ਅਧਿਰਾਜ ਤੂੰ ਰਾਜਿਆਂ ਦਾ, ਸ਼ਾਹ ਸ਼ਾਹਾਂ ਦਾ ਤੂੰ, ਨਮਸਕਾਰ ਤੈਨੂੰ।

ਨਮੋ ਦਾਨ ਦਾਨੇ ॥ ਨਮੋ ਮਾਨ ਮਾਨੰ ॥ ਨਮੋ ਰੋਗ ਰੋਗੇ ॥ ਨਮਸਤੰ ਇਸ਼ਨਾਨੰ ॥੫੬॥

**ਸ਼ਬਦਾਰਥ**—ਦਾਨ ਦਾਨੇ=ਦਾਨੀਆਂ ਚੋਂ ਮਹਾਂ ਦਾਨੀ। ਮਾਨ ਮਾਨੰ=ਆਦਰਯੋਗ। ਰੋਗ ਰੋਗੇ= ਰੋਗਾਂ ਦਾ ਰੋਗ, ਰੋਗ ਨਾਸ਼ਕ। ਇਸਨਾਨੰ=ਮਹਾਂ ਇਸ਼ਨਾਨ, ਸਦਾ ਪਵਿਤ੍ਰ, ਸ਼ੁਧ।

**ਭਾਵਾਰਥ**—ਪ੍ਰਭੂ ਤੈਨੂੰ ਆਦੇਸ ਹੈ, ਤੂੰ ਮਹਾਂ ਦਾਨੀ ਹੈਂ, ਸਰਬਤ ਦਾ ਮਾਨਯੋਗ ਹੈਂ, ਰੋਗ ਨਾਸ਼ਕ ਹੈਂ ਅਤੇ ਸਦਾ ਹੀ ਪਾਵਨ ਹੈ। ਤੇਰੇ ਨਾਮ ਦਾ ਸਿਮਰਨ ਸਭ ਤੋਂ ਪਰਮ ਉਚ ਤੇ ਉਤਮ ਇਸ਼ਨਾਨ ਹੈ।

**ਕਾਵਿ ਭਾਵਾਰਥ—**

ਪ੍ਰਭੂ ! ਦਾਨੀਆਂ ਚੋਂ ਮਹਾਂ ਦਾਨੀ ਹੈਂ ਤੂੰ, ਮਾਨ ਯੋਗ ਸਭ ਦਾ ਤੂੰ ਦਾਤਾਰ ਮੇਰੇ।
ਤੂੰ ਅਸਾਧ ਰੋਗਾਂ ਨੂੰ ਵੀ ਹਰਨ ਵਾਲਾ, ਨਿਰਮਲ ਰੂਪ ਤੂੰ ਪ੍ਰਭੂ ਕਰਤਾਰ ਮੇਰੇ।

ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥ ਨਮੋ ਇਸ਼ਟ ਇਸ਼ਟੇ ॥ ਨਮੋ ਤੰਤ੍ਰ ਤੰਤ੍ਰੰ ॥੫੭॥

**ਸ਼ਬਦਾਰਥ**–ਮੰਤ੍ਰ ਮੰਤ੍ਰੰ · ਮਹਾਂ ਮੰਤ੍ਰ। ਜੰਤ੍ਰ ਜੰਤ੍ਰੰ=ਮਹਾਂ ਜੰਤ੍ਰ (ਰਖਾਂ ਤਵੀਤ)। ਇਸ਼ਟ ਇਸ਼ਟੇ= ਮਹਾਂ ਇਸ਼ਟ ਦੇਵ। ਤੰਤ੍ਰ=ਜਾਦੂ ਟੂਣੇ।

**ਭਾਵਾਰਥ**–ਹੇ ਵਾਹਿਗੁਰੂ ! ਤੂੰ ਮੰਤਰਾਂ ਸਿਰ ਮੰਤਰ, ਜੰਤਰਾਂ ਸਿਰ ਜੰਤਰ, ਇਸ਼ਟਾਂ ਦਾ ਇਸ਼ਟ ਅਤੇ ਤੰਤਰਾਂ ਸਿਰ ਤੰਤਰ ਆਪ ਹੀ ਹੈਂ, ਤੈਨੂੰ ਨਮਸਕਾਰ ਹੈ।

**ਕਾਵਿ ਭਾਵਾਰਥ :—**

ਮਹਾਂ ਮੰਤ੍ਰ ਦਾਤਾ, ਮਹਾਂ ਜੰਤ੍ਰ ਸੁਆਮੀ, ਤੈਨੂੰ ਬੰਦਨਾ ਤੈਨੂੰ ਪ੍ਰਨਾਮ ਮੇਰਾ।
ਮਹਾਂ ਇਸ਼ਟ ਪ੍ਰੀਤਮ, ਮਹਾਂ ਤੰਤ੍ਰ ਦਾਤਾ, ਨਮਸਕਾਰ ਤੈਨੂੰ, ਹੈ ਪ੍ਰਨਾਮ ਮੇਰਾ।

ਸਦਾ ਸਚਦਾ ਨੰਦ ਸਰਬੰ ਪ੍ਰਣਾਸੀ ॥ ਅਨੂਪੇ, ਅਰੂਪੇ, ਸਮਸਤੁਲ ਨਿਵਾਸੀ ॥੫੮॥

**ਸ਼ਬਦਾਰਥ**–ਸਚਦਾ ਨੰਦ=ਸਤ ਚਿਤ ਅਨੰਦ। ਸਤ=ਹਸਤੀ ਵਾਲਾ। ਚਿਤ=ਸਮਝ ਤੇ ਗਿਆਨ ਰੂਪ। ਆਨੰਦ=ਖੁਸ਼ੀ ਤੇ ਖਿੜਾਉ ਵਾਲਾ। ਸਰਬੰ=ਸਾਰੇ। ਪ੍ਰਣਾਸੀ=ਨਾਸ ਕਰਤਾ। ਅਨੂਪ=ਉਪਮਾ ਰਹਿਤ, ਬਰਾਬਰੀ ਰਹਿਤ, ਜਿਸ ਦੇ ਟਾਕਰੇ ਦਾ ਹੋਰ ਕੋਈ ਨ ਹੋਵੇ। ਸਮਸਤੁਲ ਨਿਵਾਸ=ਸਭ ਦੇ ਅੰਦਰ ਨਿਵਾਸ ਰਖਣ ਵਾਲਾ, ਸਭ ਜੀਵਾਂ ਦੇ ਅੰਦਰ ਵਿਆਪਕ।

**ਭਾਵਾਰਥ**–ਸਦਾ ਹੀ ਸਤ ਚਿਤ ਅਨੰਦ ਸਰੂਪ ਪ੍ਰਭੂ, ਤੂੰ ਰੂਪ ਰਹਿਤ ਹੈਂ ਤੇ ਸਭ ਦਾ ਨਾਸ ਕਰਨ ਵਾਲਾ ਹੈਂ, ਤੇਰੇ ਜਿਹਾ ਹੋਰ ਕੋਈ ਨਹੀਂ ਤੇ ਤੂੰ ਹਰ ਜੀਵ ਦੇ ਹਿਰਦੇ ਵਿਚ ਵਸਦਾ ਹੈਂ।



www.AKJ.Org

ਕਾਵਿ ਭਾਵਾਰਥ :—

ਸਦਾ ਸਤ ਤੇ ਚਿਤ ਅਨੰਦ ਪ੍ਰੀਤਮ, ਸਭ ਦਾ ਨਾਸਕ ਵੀ ਤੂੰਹੀਂ ਹਜ਼ੂਰ ਪ੍ਰੀਤਮ।
ਹੇ ਸਰੂਪ ਅਨੂਪ ਦਾਤਾਰ ਮੇਰੇ! ਹਰ ਇਕ ਰਿਦੇ ਵਿਚ ਤੇਰਾ ਜ਼ਹੂਰ ਪ੍ਰੀਤਮ।

**ਸਦਾ ਸਿਧ ਦਾ, ਬੁਧਿ ਦਾ, ਬ੍ਰਿਧ ਕਰਤਾ ॥ ਅਧੋ ਉਰਧ ਅਰਧੰ ਅਘੰ ਓਘ ਹਰਤਾ ॥੫੯॥**

**ਸ਼ਬਦਾਰਥ**—ਸਿਧਦਾ = ਸਿਧ + ਦਾ। ਦਾ = ਦੇਣ ਵਾਲਾ। ਸਿਧ ਦਾ = ਸਿਧ ਦੇਣ ਵਾਲਾ। ਬੁਧ ਦਾ = ਬੁਧੀ ਦੇਣ ਵਾਲਾ। ਬ੍ਰਿਧ ਕਰਤਾ = ਤਰੱਕੀ ਦੇਣ ਵਾਲਾ। ਅਧੋ = ਪਾਤਾਲ। ਉਰਧ = ਅਕਾਸ਼ ਵਿਚ। ਅਰਧੰ = ਖ਼ਿਲਾ ਵਿਚ, ਪੁਲਾੜ ਵਿਚ। ਅਘ = ਪਾਪ। ਓਘ = ਢੇਰ, ਸਮੂਹ। ਹਰਤਾ = ਨਾਸ ਕਰਨ ਵਾਲਾ। ਅਘੰ ਓਘ = ਬੇਅੰਤ ਪਾਪ।

**ਭਾਵਾਰਥ**—ਤੂੰ ਸਿਧੀਆਂ ਦਾ ਦਾਤਾ ਹੈਂ, ਬੁਧੀ ਦੇਣ ਵਾਲਾ ਹੈਂ ਅਤੇ ਸਭ ਦੀ ਬ੍ਰਿਧੀ ਕਰਦਾ ਹੈਂ। ਤੂੰ ਪਾਤਾਲ, ਅਕਾਸ਼, ਅਤੇ ਪੁਲਾੜ ਵਿਚ ਵਿਆਪਕ ਹੈਂ ਅਤੇ ਸਮੂੰਹ ਰੋਗਾਂ ਨੂੰ ਹਰਨ ਵਾਲਾ ਹੈਂ।

ਕਾਵਿ ਭਾਵਾਰਥ :—

ਸਿਧੀਆਂ ਦੇਣ ਵਾਲਾ ਬੁਧੀ ਦੇਣ ਵਾਲਾ, ਚੜ੍ਹਦੀਆਂ ਕਲਾ ਸਦਾ ਬਖਸ਼ਨਹਾਰ ਹੈਂ ਤੂੰ।
ਸਭ ਅਕਾਸ਼ ਪਤਾਲਾਂ ਦੇ ਵਿਚ ਰਵਿਆ, ਕੋਟ ਰੋਗਾਂ ਦਾ ਵੀ ਕਟਣਹਾਰ ਹੈਂ ਤੂੰ।

**ਪਰੰ ਪਰਮ ਪਰਮੇਸ੍ਵਰੰ ਪ੍ਰੋਛ ਪਾਲੰ ॥ ਸਦਾ ਸਰਬਦਾ ਸਿਧ ਦਾਤਾ ਦਿਆਲੰ ॥੬੦॥**

**ਸ਼ਬਦਾਰਥ**—ਪਰਮੇਸ੍ਵਰ = ਪਰਮ + ਈਸ਼ਵਰ, ਸਭ ਤੋਂ ਵਡਾ ਮਾਲਕ। ਪ੍ਰੋਛ = ਨਜ਼ਰੋਂ ਓਹਲੇ। ਸਰਬਦਾ = ਸਦਾ ਹੀ। ਸਿਧ ਦਾਤਾ = ਸਿਧੀਆਂ ਦੇਣ ਵਾਲਾ। ਦਿਆਲ = ਦਇਆ ਦਾ ਘਰ।

**ਭਾਵਾਰਥ**—ਪ੍ਰਭੂ, ਤੂੰ ਸਭ ਦਾ ਸਭ ਤੋਂ ਵਡਾ ਮਾਲਕ ਹੈਂ ਅਤੇ ਗੁਪਤ ਤੌਰ ਤੇ ਸਭ ਦਾ ਪਾਲਕ ਹੈਂ, ਸਭ ਦਾ ਦਾਤਾ ਹੈਂ, ਸਿਧੀ ਦੇਣ ਵਾਲਾ ਹੈਂ ਤੇ ਦਿਆਲੂ ਹੈਂ।

ਕਾਵਿ ਭਾਵਾਰਥ :—

ਰਹਿ ਕੇ ਸਭਨਾਂ ਦੀ ਦ੍ਰਿਸ਼ਟੀ ਤੋਂ ਸਦਾ ਓਹਲੇ, ਕਰੇਂ ਪਾਲਨਾ ਸਭ ਦੀ ਦਾਤਾਰ ਮੇਰੇ।
ਸਭ ਦੇ ਤਾਈਂ ਰਿਧੀਆਂ ਸਿਧੀਆਂ ਬਖ਼ਸ਼ਦਾ ਏਂ, ਦਾਤਾਂ ਕਰੇਂ ਹਰ ਦਮ ਤੂੰ ਦਾਤਾਰ ਮੇਰੇ।

**ਅਛੇਦੀ ਅਭੇਦੀ ਅਨਾਮੰ ਅਕਾਮੰ ॥ ਸਮਸਤੋ ਪਰਾਜੀ ਸਮਸਤਸਤੁ ਧਾਮੰ ॥੬੧॥**

**ਸ਼ਬਦਾਰਥ**—ਅਛੇਦੀ = ਨ ਟੁਟਣ ਵਾਲਾ। ਅਭੇਦੀ = ਜਿਸ ਦਾ ਭੇਦ ਨ ਲਭਿਆ ਜਾ ਸਕੇ। ਅਨਾਮੰ = ਨਾਮ ਰਹਿਤ। ਅਕਾਮੰ = ਕਾਮਨਾ-ਮੁਕਤ। ਸਮਸਤ = ਸਾਰੇ। ਪਰਾਜੀ = ਜਿਤ ਪ੍ਰਾਪਤ ਕਰਨ ਵਾਲਾ। ਪਰਾਜਯ = ਫਾਹ, ਹਾਰ। ਸਮਸਤਸਤ = ਸਮਸਤ + ਅਸਤ। ਸਮਸਤ = ਸਾਰੇ। ਅਸਤ = ਹੈ। ਧਾਮ = ਘਰ, ਟਿਕਾਣਾ।

**ਭਾਵਾਰਥ**—ਨਾ ਹੀ ਤਾਂ ਤੈਨੂੰ ਤੋੜਿਆ ਜਾ ਸਕਦਾ ਹੈ, ਨਾ ਤੇਰਾ ਭੇਦ ਪਾਇਆ ਜਾ ਸਕਦਾ ਹੈ। ਤੂੰ ਨਾਮ ਅਤੇ ਕਾਮਨਾ ਰਹਿਤ ਹੈਂ। ਸਭ ਉਤੇ ਸਦਾ ਤੇਰੀ ਹੀ ਜਿਤ ਹੁੰਦੀ ਹੈ। ਤੂੰ ਹਰ ਥਾਂ ਹੀ ਵਿਆਪਕ ਹੈਂ।

ਕਾਵਿ ਭਾਵਾਰਥ :—

ਟੁਟ ਸਕੇਂ ਨਾ ਛੇਦਿਆ ਜਾ ਸਕੇਂ ਤੂੰ, ਤੇਰੇ ਭੇਦਾਂ ਦੀ ਕਿਸੇ ਨੂੰ ਸਮਝ ਨਾਹੀ।
ਨਾ ਹੈ ਨਾਉਂ ਹੀ ਕੋਈ ਵਿਸ਼ੇਸ਼ ਤੇਰਾ, ਨਾ ਹੀ ਕਾਮਨਾ ਦੀ ਤੈਨੂੰ ਲੇਸ ਰਾਈ।
ਸਭ ਨੂੰ ਜਿਤਣ ਵਾਲੇ, ਤੂੰ ਹਰਾਏਂ ਸਭ ਨੂੰ, ਤੈਨੂੰ ਕੋਈ ਕਰ ਸਕੇ ਨ ਰਾਮ ਦਾਤਾ।
ਹਰ ਇਕ ਰਿਦੇ ਵਿਚ ਹੈ ਤੇਰਾ ਵਾਸ ਪ੍ਰੀਤਮ, ਹਰ ਇਕ ਹਿਰਦਾ ਹੀ ਹੈ ਤੇਰਾ ਧਾਮ ਦਾਤਾ।



www.AKJ.Org

# ਸਾਂਝ ਕਰੀਜੈ ਗੁਣਹ ਕੇਰੀ

[ਇਕ ਦਰਦੀ ਹਿਰਦੇ ਦੀ ਅਵਾਜ਼]

ਹਉ ਵੰਞਾ ਕੁਰਬਾਨੁ ਸਾਈ ਆਪਣੇ ॥
ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ ॥

ਪਿਆਰੇ ਸਾਈਂ ਦੀਆਂ ਮਨ ਤਨ ਨਾਲ ਨਾਮ ਜਪਣ ਵਾਲੀਆਂ ਰੂਹਾਂ 'ਤੇ ਲੱਖ-ਲੱਖ, ਕਰੋੜ-ਕਰੋੜ, ਨਹੀਂ ਬੇਅੰਤ ਰਹਿਮਤਾਂ ਹਨ। ਸੱਚੇ ਪਾਤਸ਼ਾਹ ਸਾਡੇ ਵਰਗੇ ਨਿਮਾਣੇ ਕੀੜਿਆਂ ਤੇ ਵੀ ਮਿਹਰ ਕਰਨ ਅਤੇ ਸਾਨੂੰ ਉਹਨਾਂ ਸਖੀਆਂ ਦੇ ਸੰਗ ਮਿਲਾਉਣ। ਸਾਡੀ ਉਸ ਪ੍ਰਭੂ-ਪਰਮੇਸ਼ਰ-ਪਤੀ ਅੱਗੇ ਦਿਨ ਰਾਤ ਇਹੋ ਹੀ ਜੋਦੜੀ ਹੈ—ਪਿਆਰਿਆ! ਸਾਡੇ ਤੇ ਰਹਿਮ ਕਰ, ਸਾਨੂੰ ਰਾਜ ਦੀ, ਐਸ਼ਵਰਜ ਦੀ ਕੋਈ ਭੁੱਖ ਨਹੀਂ, ਪਰ ਆਪਣੇ ਚਰਨ-ਕਮਲਾਂ ਦੀ ਦਿਨ ਰਾਤ ਪ੍ਰੀਤ ਬਖ਼ਸ਼। ਫਿਰ ਇਸ ਬਖ਼ਸ਼ੀ ਹੋਈ ਪ੍ਰੀਤ ਅਤੇ ਪ੍ਰੀਤ-ਰਸ ਨੂੰ ਜਰਨ ਦਾ ਉਦਮ ਵੀ ਬਖ਼ਸ਼, ਤਾਂ ਜੁ ਅਸੀਂ ਤੇਰੇ ਬਖਸ਼ੇ ਉਪਦੇਸ਼ ਅਨੁਸਾਰ :—

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥ ਹੋਨਿ
ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥

ਇਸ ਪ੍ਰਭੂ-ਪ੍ਰੀਤ ਦਾ ਭੇਦ ਵੀ ਰੱਖ ਸਕੀਏ। ਇਸ ਪ੍ਰੀਤ ਸਦਕਾ ਅਸੀਂ ਤਨ ਮਨ ਅਤੇ ਧਨ ਨਾਲ ਤੇਰੀ ਅਤੇ ਤੇਰੇ ਪਿਆਰਿਆਂ ਦੀ ਸੇਵਾ ਤੇ ਦਰਸ਼ਨ ਕਰ ਕੇ ਤੋੜ ਨਿਭਾ ਸਕੀਏ।

ਮੇਰੇ ਪਿਆਰਿਆ! ਇਹ ਪ੍ਰੀਤ (ਸੱਚੀ) ਉਸੇ ਤਰ੍ਹਾਂ ਹੀ ਬਣੀ ਰਹੇ ਜਿਸ ਤਰ੍ਹਾਂ ਦੁਨਿਆਵੀ ਰਿਸ਼ਤੇ ਵਿਚ ਪਤੀ-ਪਤਨੀ ਦੀ ਹੁੰਦੀ ਹੈ। ਤੂੰ ਸਭਨਾਂ ਦਾ ਸਾਂਝਾ ਪ੍ਰੀਤਮ ਹੈਂ। ਸਾਨੂੰ ਪਰਮੇਸ਼ਰ ਜੀ, ਸੋਝੀ ਬਖ਼ਸ਼ੋ ਤਾਂ ਕਿ ਅਸੀਂ ਮਨੋ ਤਨੋਂ ਆਪ ਦਾ ਵਧ ਤੋਂ ਵਧ ਸਤਿਕਾਰ ਕਰ ਸਕੀਏ ਅਤੇ ਸੁਆਸ ਸੁਆਸ ਨਾਮ ਜਪ ਕੇ ਆਪ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕੀਏ।

ਪਰ ਗੁਰੂ ਪਿਆਰਿਓ, ਇਹ ਪਤੀ-ਪਤਨੀ ਦਾ ਆਪਸ ਵਿੱਚ ਸਤਿਕਾਰ ਜਾਂ ਪਿਆਰ ਇਕ ਨਿਜੀ (personal) ਮੁਆਮਲਾ ਹੈ। ਇਸ ਦੁਨਿਆਵੀ ਜਾਂ ਆਤਮਿਕ ਰਿਸ਼ਤੇ ਵਿਚ ਇਹ ਚੀਜ਼ ਗੁੱਝੀ ਰੱਖਣ ਵਾਲੀ ਹੈ। ਇਕ ਪਤਨੀ ਆਪਣੀਆਂ ਸਖੀਆਂ ਨੂੰ ਦੱਸ ਸਕਦੀ ਹੈ ਕਿ ਕਿਵੇਂ ਦੁਨਿਆਵੀ ਜਾਂ ਆਤਮਿਕ ਰਿਸ਼ਤੇ ਵਿਚ ਪਤੀ ਨੂੰ ਵੱਸ ਕਰਨਾ ਹੈ ਜਾਂ ਉਸ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਹਨ।

ਪਰ ਜੇ ਕੋਈ ਸਚਿਆਰੀ ਜ਼ੋਰ ਨਾਲ ਆਪਣਾ ਹੁਕਮ ਮਨਾਵੇ ਕਿ ਤੁਸੀਂ ਵੀ ਪਤੀ ਨੂੰ ਵੱਸ ਕਰਨ ਲਈ ਮੇਰੇ ਵਾਲੀ ਵਿਧੀ ਹੀ ਵਰਤੋ ਤਾਂ ਦੁਨਿਆਵੀ ਰਿਸ਼ਤੇ ਵਿੱਚ ਵੀ ਫਸਾਦ ਪੈਣ ਵਾਲੀ ਗੱਲ ਬਣ ਜਾਂਦੀ ਹੈ ਅਤੇ ਆਤਮਿਕ ਰਿਸ਼ਤੇ ਵਿਚ ਵੀ ਵਿਘਨ ਪੈ ਜਾਂਦਾ ਹੈ।

ਜਿਸਨੇ ਸਾਡੇ ਨਾਲ ਪ੍ਰੀਤ ਲਾਈ ਹੈ, ਸਾਨੂੰ ਆਪਣਾ ਬਣਾਇਆ ਹੈ, ਉਹ ਘਟ ਘਟ ਦੀਆਂ ਜਾਣਦਾ ਹੈ, ਉਸ ਦੇ ਪਾਸੋਂ ਸਾਡਾ ਕੁੱਝ ਵੀ ਗੁੱਝਾ ਨਹੀਂ ਰਿਹਾ ਹੋਇਆ। ਉਹ ਆਪਣਾ ਸਤਿਕਾਰ ਆਪ ਹੀ ਜਿਸ ਤੋਂ ਜਿੰਨਾ ਜਿੰਨਾ ਭਾਵੇ, ਕਰਵਾਉਂਦਾ ਹੈ। ਸਾਡਾ ਤਾਂ ਬਸ ਇਹੋ ਹੀ ਕਰਮ ਬਣਦਾ ਹੈ ਕਿ ਅਸੀਂ ਦਿਨ ਰਾਤ ਉਸ ਪਰਮੇਸ਼ਰ-ਪਤੀ ਅੱਗੇ ਜੋਦੜੀਆਂ ਕਰੀਏ ਕਿ ਹੇ ਪ੍ਰਭੂ ਜੀਉ :—

"ਮੇਲਿ ਲੈਹੁ ਦਇਆਲ ਢਹਿ ਪਏ
ਦੁਆਰਿਆ ॥ ਰਖਿ ਲੇਵਹੁ ਦੀਨ
ਦਇਆਲ ਭ੍ਰਮਤ ਬਹੁ ਹਾਰਿਆ ॥

ਤੇ ਫਿਰ 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।' ਸੱਚੇ ਪਾਤਸ਼ਾਹ ਜੀ ਜ਼ਰੂਰ ਸਾਨੂੰ ਸੋਝੀ ਬਖਸ਼ਣਗੇ ਸਤਿਕਾਰ ਕਰਨ ਦੀ। ਫਿਰ ਇਸ ਬਖ਼ਸ਼ੀ ਹੋਈ ਸੋਝੀ ਅਨੁਸਾਰ ਗੁਰੂ ਸਾਹਿਬ ਦਾ ਸਤਿਕਾਰ ਕਰਨਾ ਹੈ। ਜੇ ਲੋੜ ਪਵੇ ਤਾਂ ਨਿਰਾਦਰੀ ਕਰਨ ਵਾਲੇ ਨੂੰ ਇਹ ਸਤਿਕਾਰ ਕਰਨ ਦੀ ਵਿਧੀ ਦੱਸ ਦੇਣੀ ਹੈ। ਅਸਲ ਵਿਚ ਨਿਰਾਦਰੀ ਉਹੋ ਹੀ ਕਰਦਾ ਹੈ ਜਿਸ ਨੂੰ ਜਾਂ ਤਾਂ ਸੋਝੀ ਨਹੀਂ ਜਾਂ ਫਿਰ ਉਹ ਅਜੇ ਤੱਕ ਗੁਰੂ ਦਾ ਪਿਆਰਾ ਬਣਿਆ ਹੀ ਨਹੀਂ ਤੇ ਉਸ ਨੂੰ ਅਜੇ ਤੱਕ ਇਹ ਸੋਝੀ ਹੀ ਨਹੀਂ ਆਈ ਕਿ ਇਸ ਦੁਨੀਆ ਵਿੱਚ ਮੇਰਾ ਕੋਈ ਸੱਚਾ ਮਿੱਤਰ ਵੀ



www.AKJ.Org

ਹੈ, ਜੋ ਤੋੜ ਨਿਭਾਣ ਵਾਲਾ ਹੈ ਅਤੇ ਅੰਤ ਨੂੰ ਸਹਾਈ ਹੋਣ ਵਾਲਾ ਹੈ। ਇਸ ਤੋਂ ਉਲਟ ਜੋ ਗੁਰੂ ਦਾ ਬਣ ਚੁੱਕਿਆ ਹੈ, ਜਿਸ ਨੂੰ ਆਪਣੇ ਪ੍ਰੀਤਮ ਦੀ ਹੋਂਦ ਦੀ ਸੋਝੀ ਹੋ ਆਈ ਹੈ, ਉਹ ਅਨਜਾਨਪੁਣੇ ਵਿੱਚ ਤਾਂ ਭਾਵੇਂ ਕਿਤੇ ਕੋਈ ਗਲਤੀ ਕਰ ਲਵੇ, ਪਰ ਜਾਣ ਬੁੱਝ ਕੇ ਉਹ ਇਹੋ ਜਿਹਾ ਕਦਮ ਕਦੀ ਨਹੀਂ ਉਠਾਏਗਾ। ਜੇ ਉਹ ਰੂਹ ਫਿਰ ਇਹੋ ਜਿਹੀ ਗਲਤੀ ਕਰਦੀ ਹੈ ਜਿਸ ਨਾਲ ਉਸ ਦੇ ਪਰਮੇਸ਼ਰ-ਪਤੀ ਦੀ ਨਿਰਾਦਰੀ ਹੁੰਦੀ ਹੋਵੇ ਤਾਂ ਉਹ ਸਮਝਾਉਣ ਨਾਲ ਜ਼ਰੂਰ ਹੀ ਸਮਝ ਜਾਵੇਗੀ, ਉਸ ਨਾਲ ਜ਼ੋਰ-ਜ਼ਬਰ ਵਰਤਣ ਦੀ ਲੋੜ ਨਹੀਂ।

ਆਪਣੇ ਪ੍ਰੀਤਮ ਨਾਲ ਪਿਆਰ ਕਰਨ ਦੀਆਂ ਕਈ ਗੱਲਾਂ ਗੁੱਝੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਹਮੇਸ਼ਾ ਭੇਦ ਵਿੱਚ ਰਖਦੇ ਹਾਂ, ਜਰਦੇ ਹਾਂ, ਬਾਹਰ ਨਿਕਲਣ ਤੋਂ ਬਚਾਉਂਦੇ ਹਾਂ ਅਤੇ ਇਸ ਅ-ਜਰ ਪਦ ਨੂੰ ਜਰਨ ਲਈ ਪ੍ਰੀਤਮ ਅੱਗੇ ਬਾਰ ਬਾਰ ਜੋਦੜੀਆਂ ਕਰਦੇ ਹਾਂ। ਸੁਆਸ ਸੁਆਸ ਨਾਮ ਜਪਣ, ਆਪਣੇ ਪ੍ਰੀਤਮ ਦੇ ਪਿਆਰ ਵਿੱਚ ਵੱਧ ਤੋਂ ਵੱਧ ਗੁਰਬਾਣੀ ਕੰਠ ਕਰਨ, ਅਤੇ ਇਸ ਪਿਆਰ ਵਿੱਚ ਜੋ ਕਲਾ ਵਰਤਦੀ ਹੈ, ਇਹ ਸਭ ਗੁੱਝੀਆਂ ਗੱਲਾਂ ਹਨ, ਇਹਨਾਂ ਦਾ ਭੇਤ ਕਿਸੇ ਨੂੰ ਨਹੀਂ ਦੇਣਾ ਬਣਦਾ, ਆਪਣੇ ਆਪ ਸੁਤੇ ਸਿੱਧ, ਕਿਸੇ ਨੂੰ ਪਤਾ ਲੱਗ ਜਾਵੇ ਤਾਂ ਭਾਵੇਂ ਲੱਗੀ ਜਾਵੇ।

ਦੂਜਿਆਂ ਨੂੰ ਆਪਣੇ ਨਾਮ ਜਪਣ ਜਪਾਣ ਦੀਆਂ ਬਾਤਾਂ ਦਸਣੀਆਂ ਗੁਰਮਤਿ ਤੋਂ ਲਾਂਭੇ ਜਾਣਾ ਹੈ ਅਤੇ ਇਸ ਬਫਣ-ਬਫਾਉਣ ਨਾਲ ਹਉਮੈ ਦੇ ਟੇਟੇ ਚੜ੍ਹਨਾ ਹੈ।

ਭਾਗਾਂ ਵਾਲੀਆਂ ਹਨ ਉਹ ਸਖੀਆਂ ਜੋ ਗੁਰਬਾਣੀ ਵਿਚ ਪ੍ਰੀਤ ਪਾਂਦੀਆਂ ਹਨ, ਗੁਰਬਾਣੀ ਦਾ ਅਭਿਆਸ ਕਰਦੀਆਂ ਹਨ, ਗੁਰਬਾਣੀ ਦਾ ਰੰਗ ਮਾਣਦੀਆਂ ਹਨ ਅਤੇ ਅਠੋ ਪਹਿਰ ਨਾਮ-ਪ੍ਰਾਪਤੀ ਲਈ ਗੁਰਬਾਣੀ ਦੇ ਲੜ ਲਗੀਆਂ ਰਹਿੰਦੀਆਂ ਹਨ। ਇਉਂ ਗੁਰਬਾਣੀ ਉਨ੍ਹਾਂ ਦੇ ਅੰਦਰ ਬਾਹਰ ਰਮੀ ਰਹਿੰਦੀ ਹੈ, ਗੁਰਬਾਣੀ ਉਨ੍ਹਾਂ ਦੀ ਰਸਨਾ ਉਤੇ ਵਸਦੀ ਹੈ, ਅਤੇ ਕੀਰਤਨ ਕਰਦਿਆਂ ਗੁਰਬਾਣੀ ਆਪ-ਮੁਹਾਰੀ ਉਨ੍ਹਾਂ ਦੇ ਅੰਦਰੋਂ ਉਮਲ੍ਹ ਉਮਲ੍ਹ ਆਉਂਦੀ ਹੈ। ਪਰ ਇਸ ਅਵਸਥਾ ਵਿਚ ਵੀ ਸੰਭਲਣ ਦੀ ਲੋੜ ਹੈ, ਜਰਨ ਦੀ ਲੋੜ ਹੈ, ਮਾਣ ਤੋਂ ਬਚਣ ਦੀ ਲੋੜ ਹੈ। ਬਾਣੀ ਨੂੰ ਜੀਅਹੁ ਜਾਣਨ ਦੀ ਲੋੜ ਹੈ, ਤਦੇ ਹੀ ਨਾਮ ਦਾ ਨਿਵਾਸ ਅੰਤਰ ਆਤਮੇ ਹੋ ਸਕਦਾ ਹੈ। ਗੁਰਵਾਕ ਹੈ—

ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ ॥

ਪਰ ਜੇ ਬਾਣੀ ਬਹੁਤੀ ਕੰਠ ਹੋਣ ਦਾ ਮਾਣ ਆ ਗਿਆ ਤਾਂ ਘਾਟਾ ਹੀ ਘਾਟਾ ਹੈ। ਬਾਣੀ ਕੰਠ ਕਰ ਕੇ ਪਿਆਰ ਵਿਚ, ਬੈਰਾਗ ਵਿਚ ਰੰਗੀਜਣ ਦੀ ਲੋੜ ਹੈ, ਅਜਰ ਨੂੰ ਜਰਨ ਦੀ ਲੋੜ ਹੈ।

ਜਿਨ੍ਹਾਂ ਰੂਹਾਂ ਦਾ ਆਪਣੇ ਪ੍ਰੀਤਮ ਨਾਲ ਪਿਆਰ ਪੈਂਦਾ ਹੈ ਉਨ੍ਹਾਂ ਦੇ ਲੂੰ ਲੂੰ ਵਿਚ ਨਾਮ ਦਾ ਵਾਸਾ ਹੁੰਦਾ ਹੈ। ਗੁਰਬਾਣੀ ਉਨ੍ਹਾਂ ਦਾ ਅਧਾਰ ਤੇ ਅਹਾਰ ਹੁੰਦੀ ਹੈ, ਗੁਰਬਾਣੀ ਉਨ੍ਹਾਂ ਦਾ ਭੰਡਾਰ ਹੁੰਦੀ ਹੈ ਅਤੇ ਬੇਅੰਤ ਬਾਣੀ ਉਨ੍ਹਾਂ ਦੇ ਕੰਠਾਗਰ ਹੁੰਦੀ ਹੈ। ਪਰ ਉਹ ਕਿਸੇ ਨੂੰ ਕੁਝ ਨਹੀਂ ਜਣਾਉਂਦੇ। ਉਹ ਹੋਰਨਾਂ ਰੂਹਾਂ ਨੂੰ ਬਾਣੀ ਵਲ ਪ੍ਰੇਰਦੇ ਹਨ, ਬਾਣੀ ਨਾਲ ਜੋੜਨ ਦੇ ਉਪਰਾਲੇ ਕਰਦੇ ਹਨ, ਪਰ ਡਾਢੇ ਪਿਆਰ ਨਾਲ ਗੁਰੂ-ਉਪਦੇਸ਼ ਸ੍ਰਵਣ ਕਰਾਉਂਦੇ ਹਨ। ਬਾਣੀ ਕੰਠ ਕਰਨ ਲਈ ਪ੍ਰੀਤੀ-ਪ੍ਰੇਰਨਾ ਕਰਦੇ ਹਨ।

ਪ੍ਰੀਤੀ-ਪ੍ਰੇਰਨਾ ਨਾਲ ਤਾਂ ਬੜੇ ਹਿਰਦੇ ਪ੍ਰੇਰੇ ਜਾ ਸਕਦੇ ਹਨ ਅਤੇ ਬਾਣੀ ਕੰਠ ਕਰਨ ਦੇ ਆਹਰੇ ਲਾਏ ਜਾ ਸਕਦੇ ਹਨ, ਪਰ ਧੀਂਗੋ ਜ਼ੋਰੀ ਨਾਲ ਇਹ ਕਾਰਜ ਨਹੀਂ ਕਰਵਾਏ ਜਾ ਸਕਦੇ। 'ਪਿਆਰ ਨਾ ਲਗਦੇ ਜ਼ੋਰੀਂ।' ਪਿਆਰ ਨਾਲ ਹੀ ਪਿਆਰ ਉਪਜ਼ ਸਕਦੇ ਹਨ।

ਜੇ ਅਸੀਂ ਆਪਣੇ ਪ੍ਰੀਤਮ ਦਾ ਤਨ ਮਨ ਨਾਲ ਸਤਿਕਾਰ ਕਰਾਂਗੇ ਤਾਂ ਸਾਨੂੰ ਆਪੇ ਹੀ ਉਸ ਦੇ ਬਚਨ ਯਾਦ ਰਹਿਣਗੇ। ਪਰ ਪ੍ਰੀਤਮ ਦੀ ਮਹਿਮਾ ਤਾਂ ਅਗੰਮ ਹੈ, ਅਥਾਹ ਹੈ। ਉਸ ਮਹਿਮਾ ਨੂੰ ਜਾਣਨਾ ਗੁਰਸਿੱਖ ਦਾ ਵਧ ਤੋਂ ਵਧ ਫ਼ਰਜ਼ ਹੈ। ਇਹ ਅਤੁੱਟ ਖਜ਼ਾਨਾ ਤਾਂ ਹੀ ਪਾਇਆ ਜਾ ਸਕਦਾ ਹੈ ਜੇ ਸਤਿਗੁਰੂ ਸੱਚੇ ਪਾਤਸ਼ਾਹ ਮਿਹਰ ਕਰਨ ਤਾਂ। ਜੇ ਅਸੀਂ ਆਪਣੇ ਪ੍ਰੀਤਮ



www.AKJ.Org

ਨਾਲ ਸੱਚਾ ਪਿਆਰ ਕਰਾਂਗੇ ਤਾਂ ਉਹ ਜ਼ਰੂਰ ਇਸ ਕਾਰਜ ਵਿੱਚ ਸਾਡੀ ਸਹਾਇਤਾ ਕਰਨਗੇ । ਆਓ ਪਿਆਰਿਓ, ਰਲ ਕੇ ਸੱਚੇ ਪਿਆਰ ਦੀਆਂ ਅਰਦਾਸਾਂ ਕਰੀਏ—ਜੇ ਪ੍ਰੀਤਮ ਜੀ ਲਾਉਣਗੇ ਤਾਂ ਹੀ ਲੱਗੇਗਾ, ਸਾਡਾ ਤਾਂ ਉਸ ਅੱਗੇ ਕੋਈ ਜ਼ੋਰ ਨਹੀਂ ਚਲਦਾ— ਸੱਚੇ ਪਾਤਸ਼ਾਹ, ਤੁਸੀਂ ਹੀ ਗੁਰੂ ਪਿਆਰਿਆਂ ਦੀਆਂ ਰੀਝਾਂ ਪੂਰੀਆਂ ਕਰੋ ।

ਜਿਹੜੀ ਰੂਹ ਗੁਰਬਾਣੀ ਕੰਠ ਕਰ ਕੇ ਉਸ ਪ੍ਰਭੂ-ਪ੍ਰੀਤਮ ਦੇ ਗੁਣ ਗਾਉਂਦੀ ਹੈ ਅਤੇ ਕੀਰਤਨ ਰਾਹੀਂ ਦੂਸਰਿਆਂ ਨੂੰ ਵੀ ਗਵਾਉਂਦੀ ਹੈ, ਸੱਚੇ ਪਾਤਸ਼ਾਹ ਹਿੰਮਤ ਬਖਸ਼ਣ ਕਿ ਅਸੀਂ ਭੀ ਇਨ੍ਹਾਂ ਪੂਰਨਿਆਂ ਤੇ ਚਲ ਸਕੀਏ । ਪਰ ਪਿਆਰਿਓ ਜਿਹੜੀਆਂ ਰੂਹਾਂ ਗੁਰਬਾਣੀ ਲਿਖੀ ਹੋਈ ਪੜ੍ਹ ਕੇ ਪ੍ਰਭੂ ਦੀ ਉੱਤਮ ਮਹਿਮਾ ਸੁਣਾਉਂਦੀਆਂ ਹਨ, ਯਾਦ ਕਰਵਾਉਂਦੀਆਂ ਹਨ ਅਤੇ ਆਪ ਵੀ ਕਰਦੀਆਂ ਹਨ ਉਹਨਾਂ ਤੋਂ ਵੀ ਇਹ ਨਿਮਾਣੀ ਜਿੰਦੜੀ ਬਲਿਹਾਰੇ ਜਾਂਦੀ ਹੈ, ਧੰਨ ਭਾਗ ਹਨ ਉਨ੍ਹਾਂ ਗੁਰੂ ਦੇ ਦੁਲਾਰਿਆਂ ਦੇ ਜੋ ਆਪਣਾ ਧੰਦਾ ਛੱਡ ਕੇ ਗੁਰਬਾਣੀ ਸੁਣਾਉਣ ਤੇ ਗਾਉਣ ਆਉਂਦੇ ਹਨ, ਜਦੋਂ ਕਿ ਸੰਸਾਰੀ ਧੰਦੇ ਵੀ ਉਹਨਾਂ ਨੇ ਨਿਭਾਉਣੇ ਹੁੰਦੇ ਹਨ । ਪਰ ਉਹ ਆਪਣੇ ਪ੍ਰੀਤਮ ਦੇ ਪਿਆਰ ਵਿੱਚ ਗੁੱਧੇ ਹੋਏ ਇਸ ਅਣਥੱਕ ਸੇਵਾ ਨੂੰ ਨਿਭਾਉਣ ਤੋਂ ਸੰਕੋਚ ਨਹੀਂ ਕਰਦੇ ।

ਧੰਨ ਹੈ ਉਹ ਥਾਨ ਜਿਥੇ ਇਹੋ ਜਿਹੇ ਗੁਰੂ ਦੇ ਪਿਆਰੇ ਬੈਠ ਕੇ ਆਪਣੇ ਪਿਆਰੇ ਪੀਤਮ ਨੂੰ ਮਿਲਦੇ ਹਨ, ਪਿਆਰੇ ਪ੍ਰੀਤਮ ਦੇ ਗੁਣ ਗਾਉਂਦੇ ਹਨ ਅਤੇ ਗੁਰਬਾਣੀ ਰਾਹੀਂ ਚੋਜੀ ਪ੍ਰੀਤਮ ਦੇ ਨਵੇ ਨਵੇਂ ਉਪਦੇਸ਼ ਸੁਣਾਉਂਦੇ ਹਨ । ਪਿਆਰਿਓ, ਇਹੋ ਜਿਹੇ ਅਸਥਾਨਾਂ ਦੇ ਪਵਿਤਰ ਵਾਤਾਵਰਣ ਨੂੰ ਕਾਇਮ ਰਖਣਾ ਸਾਰਿਆਂ ਦਾ ਪਰਮ ਧਰਮ ਹੈ । ਜਿਨ੍ਹਾਂ ਥਾਵਾਂ ਤੇ ਅੱਗੇ ਵੀ ਬੈਠ ਕੇ ਹਰੀ-ਜਸ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਸੀ ਹੁੰਦੀ ਉਥੇ ਹੁਣ ਵੀ ਇਹੋ ਹੀ ਨੇਮ ਨਿਭਣਾ ਚਾਹੀਦਾ ਹੈ । ਇਕੱਠੇ ਬੈਠ ਕੇ ਹਰ-ਜਸ ਦੀਆਂ ਘੁੰਮਰਾਂ ਪਾਉਣ ਤੋਂ ਬਿਨਾਂ ਹੋਰ ਸਭ ਗੱਲਾਂ ਫ਼ਜ਼ੂਲ ਹਨ । ਕੀਰਤਨ-ਅਖਾੜੇ ਵਿੱਚ ਕੀਰਤਨ ਹੀ ਸ਼ੋਭਦਾ ਹੈ । ਇਸੇ ਵਿੱਚ ਹੀ ਸਾਰਾ ਲੈਕਚਰ ਸ਼ਾਮਲ ਹੈ । ਨਾਮ-ਰੰਗ ਵਿਚ ਕੀਤਾ ਹੋਇਆ ਗੁਰਬਾਣੀ ਦੇ ਕੀਰਤਨ ਕਰਨ ਤੋਂ ਬਾਅਦ ਕਿਸੇ ਪ੍ਰਕਾਰ ਦੇ ਲੈਕਚਰ ਦੀ ਜ਼ਰੂਰਤ ਨਹੀਂ ਰਹਿੰਦੀ । ਪਿਆਰਿਓ, ਪਵਿੱਤਰ ਨਾਮ ਜਪਣ ਵਾਲੀ ਥਾਂ ਤੇ ਪਰਸਪਰ ਮਤ-ਭੇਦ ਨਹੀਂ ਸੋਭਦੇ । ਉਸ ਥਾਂ ਦੀ ਪਵਿੱਤਰਤਾ ਨੂੰ ਇੰਨਾ ਕਾਇਮ ਰਖਣਾ ਲੋੜੀਦਾ ਹੈ ਕਿ ਉਸ ਥਾਂ ਨੂੰ ਯਾਦ ਕਰਨ ਨਾਲ ਹੀ ਅਸੀਂ ਨਾਮ ਵਿੱਚ ਜੁਟ ਜਾਈਏ, ਅਜਿਹੀ ਥਾਂ ਦੇ ਦਰਸ਼ਨ ਕਰਕੇ ਤਨ ਮਨ ਨਿਹਾਲ ਹੋ ਜਾਵੇ ਅਤੇ ਅਜਿਹੀ ਥਾਂ ਤੇ ਦੁਬਾਰਾ ਪਹੁੰਚ ਕੇ ਤਾਂ ਸਾਨੂੰ ਆਪਣੇ ਪ੍ਰੀਤਮ ਤੋਂ ਬਿਨਾਂ ਕੋਈ ਹੋਰ ਗੱਲ ਯਾਦ ਹੀ ਨਾ ਆਵੇ । ਫਿਰ ਇਹੋ ਜਿਹੀਆਂ ਨਾਮ ਜਪਣ ਵਾਲੀਆਂ ਰੂਹਾਂ ਦੇ ਸੱਚੇ ਪਾਤਸ਼ਾਹ ਬਾਰ ਬਾਰ ਦਰਸ਼ਨ ਬਖ਼ਸ਼ਣ, ਤਾਂ ਜੁ ਉਹਨਾਂ ਦਾ ਆਪਣੇ ਪ੍ਰੀਤਮ ਨਾਲ ਪਿਆਰ ਦੇਖ ਕੇ, ਸਾਡੇ ਵੀ ਸੁੱਤੇ ਮਨ ਜਾਗ ਪੈਣ ਅਤੇ ਅਸੀਂ ਆਪਣੇ ਪੰਧ ਨੂੰ ਸਵਾਰਨ ਲਈ ਸੁਆਸ ਸੁਆਸ ਨਾਮ ਜਪਣ ਵਿੱਚ ਜੁਟ ਜਾਈਏ ।

ਪਿਆਰਿਓ, ਪਿਛਲੀਆਂ ਕੁਝ ਕੁ ਘਟਨਾਵਾਂ ਯਾਦ ਆਉਂਦੀਆਂ ਹਨ; ਜਦੋਂ ਇਕੱਠੇ ਹੋ ਕੇ ਸਮਾਗਮ ਵਿੱਚ ਹਰ-ਜਸ ਗਾਉਣ ਤੋਂ ਬਾਅਦ ਵਿਛੜਨਾ ਹੁੰਦਾ ਸੀ ਤਾਂ ਕਈ ਰੂਹਾਂ ਤੜਪ ਉਠਦੀਆਂ ਸਨ, ਛਮ ਛਮ ਅੱਥਰੂ ਵਹਿ ਤੁਰਦੇ ਸਨ, ਵਿਛੜਨ ਨੂੰ ਜੀਅ ਨਹੀਂ ਸੀ ਕਰਦਾ, ਪਰ ਗ੍ਰਿਹਸਥ ਜੀਵਨ ਵਿੱਚ ਵਿਚਰਦੇ ਹੋਣ ਕਰਕੇ ਵਿਛੜਨਾ ਪੈਂਦਾ ਸੀ । ਵਿਛੜ ਜਾਂਦੇ ਸਨ ਫਿਰ ਕਦੇ ਇਕੱਠੇ ਹੋਣ ਦੀ ਆਸ ਵਿੱਚ, ਪਰ ਸਮਾਗਮ ਦੇ ਨਜ਼ਾਰੇ ਸੁਆਸ ਸੁਆਸ ਨਾਮ ਜਪਾਈ ਜਾਂਦੇ ਸਨ, ਉਹਨਾਂ ਨਜ਼ਾਰਿਆਂ ਦੀ ਯਾਦ ਵਿਛੋੜਾ ਮਹਿਸੂਸ ਨਹੀਂ ਸੀ ਹੋਣ ਦਿੰਦੀ । ਆਪਸ ਵਿੱਚ ਹਿਰਦਿਆਂ ਦੀਆਂ ਤਾਰਾਂ ਨਾਲ ਮਿਲਾਪ ਹੁੰਦੇ ਸਨ । ਗੁਰੂ ਸੱਚੇ ਪਾਤਸ਼ਾਹ-ਪਤੀ-ਪਰਮੇਸਰ ਨੇ ਆਪਣੀਆਂ ਸਚਿਆਰੀਆਂ ਸਖੀਆਂ ਵਿੱਚ ਇਹੋ ਜਿਹਾ ਪਰਸਪਰ ਪਿਆਰ ਬਖਸ਼ਿਆ ਸੀ । ਦੁਬਾਰਾ ਇਕੱਠੇ ਹੋਣ ਦੇ ਆਉਂਦੇ ਦਿਨ ਤੱਕ ਪਿਛਲੇ ਸਮਾਗਮਾਂ ਦੇ ਰੰਗ ਹੀ ਨਹੀਂ ਸਨ ਉੱਤਰਦੇ, ਤੇ ਫਿਰ

[ਬਾਕੀ ਦੇਖੋ ਸਫ਼ਾ ੨੨



www.AKJ.Org

# ਕੇਸਰੀ ਨਿਸ਼ਾਨ

[ਵਲੋਂ :—ਗਿ: ਗੋਪਾਲ ਸਿੰਘ ਜੀ ਮਿੱਤਰ ਮਾਲਬ (ਗੁੜਗਾਉਂ)]

ਅਕਾਸ਼ ਅੰਦਰ ਝੂਲਦਾ, ਇਹ ਖਾਲਸਈ ਨਿਸ਼ਾਨ ਹੈ।
ਕੌਮ ਦੀ ਇਹ ਜਿੰਦ ਹੈ, ਇਹ ਖਾਲਸੇ ਦੀ ਜਾਨ ਹੈ।੧।
ਦਸਮ ਗੁਰ ਦੀ ਯਾਦ ਪਾਵਨ, ਵੇਖ ਚੇਤੇ ਆਂਵਦੀ।
ਰੂਹ ਹਰ ਗੁਰਸਿੱਖ ਦੀ, ਲੱਖ ਵਾਰ ਵਾਰੀ ਜਾਂਵਦੀ।੨।
ਜਿਸ ਨੂੰ ਤੱਕ ਕੇ ਬੀਰਤਾ ਦਾ ਜੋਸ਼ ਠਾਠਾਂ ਮਾਰਦਾ।
ਵੇਖ ਜਿਸ ਨੂੰ ਉਮਡਦਾ ਸੀਨੇ 'ਚ ਸਾਗਰ ਪਿਆਰ ਦਾ।੩।
ਜਿਸ ਨੂੰ ਤਕ ਕੇ ਸੂਰਮਿਆਂ ਨੂੰ, ਚੜ੍ਹਦੀਆਂ ਨੇ ਲਾਲੀਆਂ।
ਆਉਂਦੀਆਂ ਨੇ ਯਾਦ ਜੋ, ਸ਼ੇਰਾਂ ਨੇ ਘਾਲਾਂ ਘਾਲੀਆਂ।੪।
ਜਿਸ ਦੀ ਅਗਵਾਈ 'ਚ ਬੀਰਾਂ, ਪਤ ਬਚਾਈ ਦੇਸ਼ ਦੀ।
ਡੋਲਦੀ ਬੇੜੀ ਧਰਮ ਦੀ, ਪਾਰ ਲਾਈ ਦੇਸ਼ ਦੀ।੫।
ਜਿਸ ਦੀ ਤਾਬਿਆ ਖ਼ਾਲਸਾ, ਹੋ ਜਥੇਬੰਦ ਮੈਦਾਨ ਵਿਚ।
ਜੂਝਿਆ, ਨਾ ਪੈਣ ਦਿਤੀ ਕਸਰ ਸਿਖੀ ਸ਼ਾਨ ਵਿਚ।੬।
ਗਿਣਤੀ ਦਿਆਂ ਸ਼ੇਰਾਂ ਨੇ ਤੁਰਕਾਨੀ ਦਲਾਂ ਨੂੰ ਮੋੜਿਆ।
ਅਬਦਾਲੀਆਂ ਦਾ ਮਾਣ ਮਿੱਟੀ ਵਿਚ ਮਿਲਾ ਕੇ ਰੋੜ੍ਹਿਆ।੭।
ਜਿਸ ਦੀ ਆਨ ਬਚਾਣ ਖ਼ਾਤਰ, ਚਰਖੀਆਂ ਤੇ ਚੜ੍ਹ ਗਏ।
ਵੇਖਿਆ ਸੰਸਾਰ, ਜੀਂਦੇ ਨਾਲ ਜੰਡਾਂ ਸੜ ਗਏ।੮।
ਰੰਬੀਆਂ ਤੇ ਆਰਿਆਂ ਦੇ ਨਾਲ ਤਨ ਚਿਰਵਾ ਲਏ।
ਪੁੱਤਰਾਂ ਦੇ ਟੋਟਿਆਂ ਦੇ ਹਾਰ ਗਲੀਂ ਪੁਆ ਲਏ।੯।
ਜਿਨ੍ਹਾਂ ਆਪਾ ਵਾਰ ਕੇ ਉਜੜੇ ਵਸਾਏ ਦੇਸ਼ ਦੇ।
ਖ਼ੂਨ ਪਾ ਕੇ ਜਿਗਰ ਦਾ ਦੀਵੇ ਜਗਾਏ ਦੇਸ਼ ਦੇ।੧੦।
ਹੱਸ ਹੱਸ ਕੁਰਬਾਨ ਹੋ ਰੋਂਦੇ ਹਸਾਏ ਦੇਸ਼ ਦੇ।
ਪਾ ਮਿੱਝ, ਮਾਸ ਤੇ ਹੱਡੀਆਂ ਮੰਦਰ ਚਿਣਾਏ ਦੇਸ਼ ਦੇ।੧੧।
'ਮਿੱਤਰ' ਜੀ ਹਰ ਔਕੜ ਸਮੇਂ ਹੈ ਬਾਜ਼ੀ ਲਾਈ ਜਾਨ ਦੀ।
ਨਾ ਹੋਣ ਦਿਤੀ ਆਣ ਨੀਵੀਂ ਖ਼ਾਲਸਾਈ ਨਿਸ਼ਾਨ ਦੀ।੧੨।

---


# ਸਿਖ ਧਰਮ ਤੇ ਮਾਸ ਸ਼ਰਾਬ

ਜੇ. ਪੀ. ਸੰਗਤ ਸਿੰਘ ਜੀ ਦੇ ਲੇਖ ਉਪਰੋਕਤ ਵਿਸ਼ੇ ਤੇ ਸੂਰਾ ਮਾਸਕ ਪੱਤਰ ਵਿਚ ਬੜੇ ਸਮੇਂ ਤੋਂ ਛਪ ਰਹੇ ਹਨ, ਜੋ ਗੁਰਬਾਣੀ, ਗੁਰ ਇਤਿਹਾਸ, ਰਹਿਤਨਾਮਿਆਂ, ਹੁਕਮਨਾਮਿਆਂ ਅਤੇ ਹੋਰ ਅਨੇਕਾਂ ਹਵਾਲਿਆਂ ਸਹਿਤ ਪੇਸ਼ ਕੀਤੇ ਗਏ ਹਨ।

ਗੁਰਮਤਿ ਦੀ ਰੌਸ਼ਨੀ ਵਿਚ ਲਿਖੇ ਇਨ੍ਹਾਂ ਲੇਖਾਂ ਨੂੰ ਸੋਧ ਕੇ ਅਤੇ ਕਈ ਨਵੇਂ ਵਾਧੇ ਕਰ ਕੇ ਪੁਸਤਕ ਛਾਪ ਦਿਤੀ ਗਈ ਹੈ।

ਕਾਗਜ਼ ਤੇ ਛਪਾਈ ਚੰਗੀ, ਸਫ਼ੇ ੨੩੬, ਜਿਲਦ ਸਮੇਤ ਭੇਟਾ ਤਿੰਨ ਰੁਪਏ।




www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ

[ਵਲੋਂ:— ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੮. ਮੁੱਲਾਂ :—

ਉਂਞ ਸਾਰਿਆਂ ਤੋਂ ਵੱਡਾ ਪਰ ਅਜੇ ਉਮਰਾ ਵਿਚ ਨਿੱਕਾ ਗੁਰੂ ਨਾਨਕ ਮਾਤਾ ਪਿਤਾ ਦੇ ਘਰ ਖੇਡ ਰਿਹਾ ਸੀ। ਪਰ ਉਸ ਦੀਆਂ ਖੇਡਾਂ ਦੀ ਸਮਝ ਨਾ ਸੋ ਪੈਂਦੀ। ਉਹ ਰਬ ਜੀ ਨੂੰ ਐਉਂ ਜਾਣਦਾ ਸੀ ਕੋਲ ਕੋਲ, ਨੇੜੇ ਨੇੜੇ, ਨਾਲ ਨਾਲ, ਜੀਕੂੰ ਹੋਰ ਬਾਲਕੇ ਆਪਣੇ ਮਾਂ ਪਿਉ ਨੂੰ ਕੋਲ ਕੋਲ ਜਾਣਦੇ ਹਨ। ਸੋ ਉਸ ਪਿਆਰ ਵਿਚ ਕਦੇ ਹੱਸਦੇ ਖੇਡਦੇ ਦੌੜਦੇ ਭੱਜਦੇ ਸਨ, ਕਦੇ ਚੁਪ ਚਾਪ ਹੋ ਕੇ ਬਹਿ ਜਾਂ ਲੇਟ ਜਾਂਦੇ ਸਨ। ਪਿਤਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਖੇੜਿਆਂ ਵਿਚ ਖੇਡਦਾ ਵੇਖ ਵੇਖ ਤਾਂ ਖ਼ੁਸ਼ ਹੁੰਦੇ ਸਨ ਪਰ ਚੁਪ ਚਾਪ ਵੇਖ ਕੇ ਉਦਾਸ ਹੁੰਦੇ ਸਨ। ਪਰ ਜਿਉਂ ਜਿਉਂ ਵਡੇਰੇ ਹੁੰਦੇ ਜਾਂਦੇ ਸਨ ਉਦਾਸੀ ਵਧਦੀ ਜਾਂਦੀ ਸੀ। ਘਰ ਬਾਹਰ ਪਿੰਡੋਂ ਦੁਰਾਡੇ ਬਨ ਵਿਚ ਜਾ ਬੈਠਦੇ ਸਨ। ਇਸ ਤਰ੍ਹਾਂ ਕੁਛ ਦਿਨ ਉਦਾਸੀ ਦੇ ਲੰਘੇ, ਫੇਰ ਅਚਾ-ਨਕ ਟਹਿਕ ਪਏ। ਖੁਸ਼ ਖੁਸ਼ ਵੇਖ ਕੇ ਪਿਤਾ ਜੀ ਨੇ ਕਿਹਾ: ਕਾਕਾ, ਜੇ ਤੇਰਾ ਦਿਲ ਲੱਗੇ ਤਾਂ ਮੁੱਲਾਂ ਪਾਸ ਲੈ ਚੱਲਾਂ? ਫਾਰਸੀ ਪੜ੍ਹ ਲੈ ਜੋ ਅਜ ਕਲ ਰਾਜ 'ਭਾਸ਼ਾ' ਹੈ!

ਰਾਜ ਭਾਸ਼ਾ ਕੀਹ ਹੁੰਦੀ ਹੈ? ਜਿਸ ਦਾ ਰਾਜ ਹੋਵੇ ਉਸ ਦੀ ਬੋਲੀ ਨੂੰ 'ਰਾਜ-ਭਾਸ਼ਾ' ਕਹੀਦਾ ਹੈ। ਤਦੋਂ ਰਾਜ ਪਠਾਣਾਂ ਦਾ ਸੀ; ਉਹਨਾਂ ਦੀ ਬੋਲੀ ਫਾਰਸੀ ਸੀ। ਸਾਰੇ ਸਰਕਾਰੀ ਕੰਮ ਫਾਰਸੀ ਵਿਚ ਹੁੰਦੇ ਸਨ। ਤਦ ਪਿਤਾ ਨੇ ਕਿਹਾ: ਫਾਰਸੀ ਪੜ੍ਹਾ ਵੇਖੀਏ, ਜੇ ਪੜ੍ਹ ਗਿਆ ਤਾਂ ਵੱਡਾ ਮੁਨਸ਼ੀ ਹੋ ਜਾਏਗਾ। ਖਿੜੇ ਹੱਸਦੇ ਬਾਲਕੇ ਨੇ ਕਿਹਾ:—ਹੱਛਾ ਬਾਪੂ ਜੀ। ਤਦ ਮਹਿਤਾ ਕਾਲੂ ਜੀ ਬਾਲਕੇ ਨੂੰ ਮੁੱਲਾਂ ਦੇ ਲੈ ਗਏ।

ਮੁੱਲਾਂ ਨੇ ਕਾਰਦਾਰ ਦਾ ਪੁੱਤ ਜਾਣ ਕੇ ਆਦਰ ਨਾਲ ਬਹਾਲ ਲਿਆ ਤੇ ਫਾਰਸੀ ਦੇ ਤੀਹ ਅੱਖਰ ਪਾ ਦਿਤੇ। ਉਹ ਬਾਲਕੇ ਨੇ ਐਉਂ ਯਾਦ ਕਰ ਲਏ ਜਿਵੇਂ ਅੱਗੇ ਹੀ ਪੜ੍ਹਿਆ ਸੀ, ਫੇਰ ਉਸ ਨੇ ਅੱਖਰਾਂ ਦੇ ਜੋੜ ਸਿਖਾਏ ਤੇ ਫੇਰ ਫਾਰਸੀ ਬੋਲੀ ਦਾ ਬਾਲ ਉਪਦੇਸ਼ ਅਗੇ ਰੱਖਿਆ; ਪਰ ਦੇਖੋ ਕਿ ਬਾਲਕ ਉਹ ਬੀ ਝਟ ਪੜ੍ਹ ਗਿਆ।

ਕੁੱਛ ਦਿਨ ਮੁੱਲਾਂ ਦੇ ਠੀਕ ਸਮੇਂ ਸਿਰ ਜਾ ਜਾ ਕੇ ਫੇਰ ਸੁਹਣੇ ਬਾਲਕ ਜੀ ਘੁਸਾਈਆਂ ਮਾਰਨ ਲਗ ਪਏ ਤੇ ਉਦਾਸ ਰਹਿਣ ਲਗ ਪਏ। ਮਦਰੱਸੇ ਨਾਗੇ ਬੀ ਪੈ ਜਾਣ। ਤਾਂ ਉਸਤਾਦ ਨੇ ਕਿਹਾ: ਨਾਨਕ ਤੂੰ ਹੁਣ ਓਸ ਤਰ੍ਹਾਂ ਨਹੀਂ ਪੜ੍ਹਦਾ ਦਿਲ ਲਾ ਕੇ, ਜਿਵੇਂ ਪਹਿਲਾਂ ਪੜ੍ਹਦਾ ਸੈਂ। ਤਾਂ ਬਾਲਕੇ ਨੇ ਕਿਹਾ: ਮੈਂ ਪੜ੍ਹਿਆ ਹਾਂ। ਉਸ ਨੇ ਕਿਹਾ: ਦੱਸ ਕੀ ਪੜ੍ਹਿਆ ਹੈਂ? ਤਾਂ ਆਪ ਨੇ ਇਕ ਕਾਗਤ ਮੁੱਲਾਂ ਨੂੰ ਦਿੱਤਾ; ਇਸ ਕਾਗਤ ਪਰ ਫਾਰਸੀ ਦਾ ਇਕ ਇਕ ਅੱਖ਼ਰ ਲਿਖ ਕੇ ਅਗੇ ਪਰਮੇਸ਼ੁਰ ਦੀਆਂ ਗੱਲਾਂ ਲਿਖੀਆਂ ਸਨ। ਇਹ ਵਾਚ ਕੇ ਮੁੱਲਾਂ ਨੇ ਬਾਲਕੇ ਦੇ ਪੈਰਾਂ ਅੱਗੇ ਸਿਰ ਨਿਵਾ ਦਿੱਤਾ ਤੇ ਕਿਹਾ: ਤੂੰ ਕੋਈ ਵਲੀ ਹੈਂ, ਜੋ ਬਿਨਾਂ ਪੜ੍ਹਾਏ ਪੜ੍ਹ ਗਿਆ ਏਂ, ਵਲੀ ਮੁਸਲਮਾਨਾਂ ਵਿਚ ਉੱਚੇ ਮਨੁੱਖ ਨੂੰ ਆਖਦੇ ਹਨ, ਜੋ ਪਰਮੇਸ਼ੁਰ ਨਾਲ ਜੁੜਿਆ ਰਹਿੰਦਾ ਹੋਵੇ।

ਪਰਮੇਸ਼ੁਰ ਦੇ ਪਿਆਰ ਵਿਚ ਰਹਿਣ ਵਾਲੇ ਬਾਲਕ ਜੀ, ਹੁਣ ਫੇਰ ਚੁੱਪ ਧਾਰ ਬੈਠੇ। ਘਰ ਲੰਮੇ ਪਏ ਰਿਹਾ ਕਰਨ ਯਾ ਅੱਖਾਂ ਮੀਟ ਕੇ ਬੈਠੇ ਰਹਿਣ। ਰੋਟੀ ਬੀ ਕਦੇ ਖਾਣੀ ਕਦੇ ਨਾ। ਤਾਂ ਮਾਂ ਪਿਉ ਨੂੰ ਫਿਕਰ ਲੱਗਾ। ਫੇਰ ਮੁੱਲਾਂ ਨੂੰ ਸੱਦ ਘੱਲਿਆ ਕਿ ਦੇਖ ਕਾਕੇ ਨੂੰ ਕੀ ਹੋਇਆ ਹੈ? ਮੁੱਲਾਂ ਨੇ ਆ ਕੇ ਗੁਰੂ ਬਾਲਕ ਨਾਲ ਕਈ ਗੱਲਾਂ ਕੀਤੀਆਂ ਤੇ ਬੁਲਾਉਣ ਦੇ ਜ਼ੋਰ ਲਾਏ, ਪਰ ਬਾਲਕ ਜੀ ਚੁੱਪ ਚਾਪ ਲੇਟੇ ਰਹੇ। ਫੇਰ ਮੁੱਲਾਂ ਨੇ ਕੰਨ ਵਿਚ ਕਿਹਾ:—ਨਾਨਕ, ਜਿਸ ਸਾਹਿਬ ਦਾ ਤੈਨੂੰ ਪਿਆਰ ਹੈ ਉਸ ਦੇ ਵਾਸਤੇ ਉਠ ਬੈਠ। ਤੀ ਉਹ ਸੁਹਣਾ ਬਾਲਕ ਉਠ ਬੈਠਾ। ਹੁਣ ਚਿਹਰਾਂ ਚਮਕ ਰਿਹਾ ਸੀ; ਮੱਥਾ ਖਿੜ ਰਿਹਾ ਸੀ; ਕੋਈ ਉਦਾਸੀ ਨਹੀਂ ਸੀ। ਤਦ ਮੁੱਲਾਂ ਵਲ ਤੱਕ ਕੇ ਫ਼ਾਰਸਾ



www.AKJ.Org

ਵਿਚ ਇਕ ਸ਼ਬਦ ਬੋਲੇ† ਜਿਸ ਵਿਚ ਉਸ ਨੂੰ ਇਹ ਮਤਿ ਦਿੱਤੀ ਸੀ ਕਿ ਹੇ ਮੁੱਲਾਂ ! ਅਰਦਾਸ ਕਰਿਆ ਕਰ ਪਰਮੇਸ਼ੁਰ ਅੱਗੇ। ਅਰਦਾਸ ਹੁੰਦੀ ਹੈ ਬੇਨਤੀ, ਮਨ ਦੀ ਗੱਲ ਪਰਮੇਸ਼ੁਰ ਜੀ ਅੱਗੇ ਆਖਣੀ।

ਸੋ ਉਸ ਅਰਦਾਸ ਵਿਚ ਮੁੱਲਾਂ ਨੂੰ ਸਮਝਾ ਰਹੇ ਸਨ ਕਿ ਪਰਮੇਸ਼ੁਰ ਅਗੇ ਆਖ ਭਾਈ ! ਅਸੀਂ ਦਿਨ ਰਾਤ ਦੁਨੀਆ ਦੇ ਲਾਲਚ ਵਿਚ ਹਾਂ, ਤੈਨੂੰ ਭੁਲਾਈ ਰਖਦੇ ਹਾਂ। ਦੁਨੀਆ ਤੇ ਸਦਾ ਰਹਿਣਾ ਨਹੀਂ; ਤੂੰ ਹੇ ਰਬ ! ਸਾਡੇ ਮਾੜੇ ਕੰਮ ਨਾ ਵੇਖ, ਸਾਨੂੰ ਭਲੇ ਕੰਮਾਂ ਵਿਚ ਲਾ, ਆਪਣੇ ਪਿਆਰ ਵਿਚ ਪਾ, ਆਪਣੇ ਪਿਆਰਿਆਂ ਵਿਚ ਸਾਨੂੰ ਬਿਠਾ, ਸਾਨੂੰ ਪਿਆਰ ਕਰ, ਹੇ ਪਰਮੇਸ਼ੁਰ !

ਇਹ ਫਾਰਸੀ ਵਿਚ ਰਚਿਆ ਸ਼ਬਦ ਸੁਣ ਕੇ ਮੁੱਲਾਂ ਪੈਰੀਂ ਪੈ ਗਿਆ ਤੇ ਗੁਰੂ ਜੀ ਤੋਂ ਸਿਖਜਾ ਲੈ ਕੇ ਪਰਮੇਸ਼ੁਰ ਦੇ ਪਿਆਰ ਵਿਚ ਲਗ ਪਿਆ* । ਅਤੇ ਉਸ ਪਰਮੇਸ਼ੁਰ ਦੇ ਨਾਮ ਨੂੰ ਜਪਣ ਗਿਆ।

†ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਤਿਲੰਗ ਰਾਗ ਵਿਚ ਹੈ:– 'ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।'

*ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆਂ ਹੈ ਕਿ ਮੁੱਲਾਂ ਨੇ ਹੱਥ ਜੋੜ ਕੇ ਕਿਹਾ—ਚਰਨ ਸ਼ਰਣ ਮੈਂ ਕੀਨੋ ਪਰਨਾ। ਹਰਹੁ ਮੋਹਿ ਜਗ ਜਨਮ ਸੁ ਮਰਨਾ। ਬ੍ਰਿੱਧਨ ਤੇ ਤੁਮ ਬ੍ਰਿੱਧ ਬਡੇਰੇ। ਕਰ ਉਪਦੇਸ਼ ਕਟਹੁ ਦੁਖ ਮੇਰੇ।

[ਗੁ: ਨਾ: ਪ੍ਰ:

[੧੯ ਸਫੇ ਦੀ ਬਾਕੀ]

ਇਕੱਠੇ ਹੋ ਕੇ ਗੁਰੂ-ਪ੍ਰੀਤਮ ਦੀਆਂ ਹੋਰ ਬਖ਼ਸ਼ਿਸ਼ਾਂ, ਹੋਰ ਰੰਗ-ਅਖਾੜੇ ਅਤੇ ਹੋਰ ਗੂੜ੍ਹੇ ਰੰਗ। ਇਹਨਾਂ ਅਖਾੜਿਆਂ ਵਿੱਚ ਕੋਈ ਵੀ ਇੱਕ ਦੂਸਰੇ ਤੋਂ ਘੱਟ ਨਜ਼ਰ ਨਹੀਂ ਸੀ ਆਉਂਦਾ। ਕਿਸੇ ਵਿੱਚ ਹਿੰਮਤ ਹੀ ਨਹੀਂ ਸੀ ਪੈਂਦੀ ਕਿਸੇ ਨੂੰ ਆਪਣੇ ਨਾਲੋਂ ਨੀਵਾਂ ਸਮਝ ਸਕੇ। ਫ਼ਿਕਰ ਦੂਸਰਿਆਂ ਦੇ ਨੁਕਸ ਕੱਢਣ ਵਿੱਚ ਨਹੀਂ ਸ਼ੀ ਹੁੰਦਾ, ਸਗੋਂ ਵੱਧ ਤੋਂ ਵੱਧ ਗੁਣ ਗਾ ਕੇ, ਆਪਣੇ ਪ੍ਰੀਤਮ ਦਾ ਪਿਆਰਾ ਬਣ ਕੇ ਉਸ ਨਾਲ ਮਿਲਾਪ ਕਰਨ ਦਾ ਇੱਕੋ ਇੱਕ ਫ਼ਿਕਰ ਹੁੰਦਾ ਸੀ।

ਕਿੰਨਾ ਚੰਗਾ ਹੋਵੇ ਜੇ ਅਸੀਂ ਦੂਸਰਿਆਂ ਦਾ ਸੁਧਾਰ ਕਰਨ ਦੀ ਬਜਾਏ ਆਪਣਾ ਹੀ ਸੁਧਾਰ ਕਰੀਏ। ਕਿਸੇ ਵਿੱਚ ਨੁਕਸ ਕੱਢਣ ਦੀ ਬਜਾਏ ਆਪਣੇ ਹੀ ਨੁਕਸਾਂ ਨੂੰ ਕੱਢੀਏ, ਸੁਆਸ ਸੁਆਸ ਨਾਮ ਜਪ ਕੇ। ਗੁਰਬਾਣੀ ਤੋਂ ਬਿਨਾਂ ਹੋਰ ਕੋਈ ਵੀ ਗੱਲ ਮੂੰਹੋਂ ਕੱਢਣੀ ਫ਼ਜ਼ੂਲ ਸਮਝੀਏ। ਰੋਜ਼ੀ ਕਮਾਉਣ ਲਈ ਤਾਂ ਅਕਸਰ ਵਿਹਾਰਕ ਜੀਵਨ ਵਿੱਚ ਗੱਲਾਂ ਕਰਨੀਆਂ ਹੀ ਪੈਂਦੀਆਂ ਹਨ। ਸਮੇਂ ਦੀ ਮੰਗ ਹੈ ਕਿ ਅਸੀਂ ਕੀਰਤਨ ਸਟੇਜ ਦੀ ਪਵਿਤਰਤਾ ਤੇ ਅਖੰਡਤਾ ਨੂੰ ਕਾਇਮ ਰੱਖੀਏ। ਇਸ ਪਵਿੱਤਰ ਥਾਂ ਤੇ ਬੈਠ ਕੇ, ਨਾਮ ਜਪ ਕੇ, ਆਪਣੇ ਪ੍ਰੀਤਮ ਨੂੰ ਰੀਝਾਈਏ। ਜੋ ਫਿਕਾ ਬੋਲਦੇ ਹਨ ਅਤੇ ਹਰਿ ਰੰਗ ਵਿੱਚ ਰੱਤੀਆਂ ਰੂਹਾਂ ਦੇ ਰਸ ਵਿਚ ਵਿਘਨ ਪਾਂਦੇ ਹਨ, ਉਹਨਾਂ ਨੂੰ ਜ਼ਰੂਰ ਘਾਟਾ ਪੈਂਦਾ ਹੈ। ਅਸੀਂ ਆਪਣੇ ਪ੍ਰੀਤਮ ਅੱਗੇ ਇਹੋ ਹੀ ਅਰਦਾਸ ਕਰਦੇ ਹਾਂ ਕਿ ਸਭ ਸਖੀਆਂ ਨੂੰ ਸੁਮੱਤ ਦ੍ਰਿੜਾਵਹੁ ਅਤੇ ਕਿਸੇ ਵੀ ਗੁਰੂ ਵਾਲੀ ਬਣੀ ਰੂਹ ਨੂੰ ਘਾਟਾ ਨਾ ਪਵੇ। ਹੇ ਪ੍ਰਭੂ ! ਸਾਡੇ ਤੇ ਮਿਹਰ ਕਰੋ ਤਾਂ ਜੁ ਅਸੀਂ ਸੁਆਸ ਸੁਆਸ ਨਾਮ ਜਪੀਏ। ਸੱਚੇ ਪਾਤਸ਼ਾਹ ਜੀ, ਸਮਾਗਮਾਂ ਤੇ ਸਿਰਫ਼ ਅਨੰਦ ਲੈਣ ਲਈ ਹੀ ਪੁਜੀਏ, ਅਤੇ ਉਹੋ ਅਨੰਦ ਹਮੇਸ਼ਾ ਬਖਸ਼ੀ ਰੱਖੋ, ਇਹ ਸਾਡੇ ਕੋਲੋਂ ਖੁਸੇ ਨਾ। ਸਾਨੂੰ ਸਭ ਨੂੰ ਸੁਮੱਤ ਬਖਸ਼ ਕੇ ਸਾਡੇ ਵਿੱਚ ਪਰਸਪਰ ਗੁਰਸਿੱਖੀ ਪਿਆਰ ਬਖ਼ਸ਼ੋ। ਇਸ ਗੁਰਸਿੱਖੀ ਪਿਆਰ ਵਿੱਚ ਅਸੀਂ ਕਿਸੇ ਕੋਲੋਂ ਜ਼ਮੀਨ ਨਹੀਂ ਲੈਣੀ, ਸਿਰਫ਼ ਸਾਨੂੰ ਸੰਗਤ ਵਿਚ ਜੋੜ ਕੇ ਨਾਮ ਜਪਣ ਦੀ ਸੋਝੀ ਬਖਸ਼ੋ।

—o—

**ਭੁੱਲ ਦੀ ਸੋਧ** 'ਸੂਰਾ' ਮਾਸਕ ਪੱਤਰ ਫ਼ਰਵਰੀ ੭੭ ਦੇ ਸਫ਼ਾ ੩੮ ਉਤੇ "**ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਤੇ ਸਰਸਰੀ ਨਜ਼ਰ**" ਲੇਖ ਵਿਚ ਉਨ੍ਹਾਂ ਦੇ ਜਨਮ ਦੀ ਸਹੀ ਤ੍ਰੀਕ ੭ ਜੁਲਾਈ ੧੮੭੮ (ਮੁਤਾਬਕ ੨੫ ਹਾੜ ਸੰਮਤ ਸੰਮਤ ੧੯੩੫), ਪਾਠਕ ਸੋਧ ਲੈਣ।



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ

[ਵਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

### ੭. ਮੈਣੀ ਸੰਗਤ—

ਬਾਲਾ ਪ੍ਰੀਤਮ ਜੀ ਫਤੇ ਚੰਦ ਦੇ ਘਰ ਬਹੁਤੀ ਵੇਰੀ ਆਉਂਦੇ ਜਾਂਦੇ ਸਨ। ਕਦੇ ਤਾਂ ਰੋਜ਼ ਹੀ ਫੇਰਾ ਪਾਉਂਦੇ ਸਨ। ਇਹਨਾਂ ਦੇ ਘਰ ਬਾਲਕੇ ਸਾਥੀਆਂ ਤੋਂ ਛੁਟ ਸਿਖ ਭੀ ਆਉਂਦੇ ਅਤੇ ਸੰਗਤਾਂ ਬੀ ਆ ਜੁੜਦੀਆਂ ਸਨ। ਕਈ ਵੇਰ ਏਥੇ ਸੰਝਾਂ ਵੇਲੇ ਦੀਵਾਨ ਲੱਗਦਾ। ਉਧਰ ਘਰ ਵੀ ਦੀਵਾਨ ਲਗਦਾ ਤੇ ਸਾਹਿਬਜ਼ਾਦੇ ਦੀ ਉਡੀਕ ਹੁੰਦੀ ਰਹਿੰਦੀ। ਜਦ ਤਕ ਆਪ ਘਰ ਨਾ ਪਹੁੰਚਦੇ ਉਥੇ ਰਹਰਾਸ ਦਾ ਦੀਵਾਨ ਤਾਂ ਲਗਦਾ ਪਰ ਪਾਠ ਨਾ ਕਰਦੇ; ਸਾਰੇ ਸਾਹਿਬਜ਼ਾਦੇ ਜੀ ਨੂੰ ਉਡੀਕਦੇ ਰਹਿੰਦੇ। ਤਦ ਤੋਂ ਹੀ ਲੋਕੀਂ ਦੱਸਦੇ ਹਨ ਕਿ ਪਟਨੇ ਸਾਹਿਬ ਦੇ ਇਸ ਗੁਰਦੁਆਰੇ ਵਿਚ ਜਿਸ ਨੂੰ ਤਖ਼ਤ ਸਾਹਿਬ ਕਹਿੰਦੇ ਹਨ, ਰਹਰਾਸ ਦਾ ਪਾਠ ਦੋ ਚਾਰ ਘੜੀ ਸੰਧਯਾ ਗਈ ਤੇ ਹੋਣ ਦਾ ਰਿਵਾਜ ਪੈ ਗਿਆ ਹੈ।

ਜਦੋਂ ਸਾਹਿਬਜ਼ਾਦੇ ਜੀ ਮੈਣੀ ਦੇ ਘਰ ਜਾਂਦੇ ਤਾਂ ਉਸ ਦੀ ਵਹੁਟੀ ਤਲੇ ਹੋਏ ਛੋਲੇ ਤੇ ਪੂਰੀ ਭੇਟਾ ਕਰਦੀ ਤੇ ਦੁੱਧ ਭੀ ਅਗੇ ਰਖਦੀ। ਇਹ ਬੀਬੀ ਬਾਲਾ ਪ੍ਰੀਤਮ ਜੀ ਨੂੰ ਆਪਣੇ ਪਿਆਰੇ ਪੁਤ੍ਰ ਹੀ ਸਮਝਦੀ ਸੀ। ਸਾਰੇ ਬਾਲਕੇ, ਜੋ ਖੇਲਦੇ ਨਾਲ ਜਾਂਦੇ, ਸਭ ਨੂੰ ਪੂਰੀ ਛੋਲੇ ਖੁਆਲਦੀ। ਸਾਹਿਬਜ਼ਾਦੇ ਜੀ ਨੂੰ ਸੁਹਣੇ ਸੁਹਣੇ ਕਪੜੇ ਪੁਆਉਂਦੀ। ਖੇਡਣ ਦੇ ਖੜੌਣੇ, ਤੀਰ ਕਮਾਨ, ਗਲ ਕੀ ਜਿਸ ਜਿਸ ਗਲ, ਜਿਸ ਜਿਸ ਚੀਜ਼ ਵਿਚ ਓਹ ਵੇਖਦੀ ਕਿ ਸਾਹਿਬਜ਼ਾਦੇ ਜੀ ਦਾ ਦਿਲ ਲਗ ਕੇ ਖੁਸ਼ੀ ਹੁੰਦਾ ਹੈ ਉਹ ਉਹ ਸ਼ੈ ਲਾਡਾਂ ਨਾਲ ਲਿਆ ਅੱਗੇ ਧਰਦੀ। ਦੁਇ, ਵਹੁਟੀ ਗਭਰੂ ਆਪ ਜੀ ਨੂੰ ਗੁਰੂ ਜੀ ਦਾ ਸਾਹਿਬਜ਼ਾਦਾ ਸਮਝਕੇ ਪੂਜਾ ਬੀ ਕਰਦੇ ਅਤੇ ਪੁੱਤਰ ਵਾਲਾ ਪਿਆਰ ਤੇ ਲਾਡ ਬੀ ਕਰਦੇ। ਵੇਖੋ ਉਨ੍ਹਾਂ ਦੇ ਪਿਆਰ ਦਾ ਫਲ ਉਹਨਾਂ ਨੇ ਆਪਣਾ ਘਰ ਗੁਰਦੁਆਰਾ ਬਣਾ ਦਿੱਤਾ ਜੋ ਹੁਣ ਤੋੜੀ ਗੁਰਦੁਆਰਾ ਹੈ, ਉਸ ਨੂੰ "ਮੈਣੀ ਸੰਗਤਿ" ਆਖਦੇ ਹਨ, ਤੇ ਓਦੋਂ ਦੀ ਪਈ ਚਾਲ ਵਾਙੂ ਅਜ ਤਾਈਂ ਓਥੇ ਪੂਰੀ ਤੇ ਚਣਿਆਂ ਦਾ ਪ੍ਰਸ਼ਾਦ ਵਰਤਦਾ ਹੈ। ਚਣੇ ਉਸ ਪਾਸੇ ਛੋਲਿਆਂ ਨੂੰ ਆਖਦੇ ਹਨ। ਮੈਣੀ ਦੇ ਘਰ ਵਿਚ ਸਾਹਿਬਜ਼ਾਦੇ ਬਹੁਤ ਖੁਸ਼ ਹੋ ਕੇ ਖੇਲਦੇ ਤੇ ਕਿੰਨਾ ਕਿੰਨਾ ਚਿਰ ਖੇਲਦੇ। ਉਹਨਾਂ ਦੇ ਘਰ ਵਿਚ ਜੋ ਬਗੀਚੀ ਸੀ ਉਸ ਵਿਚ ਮਾਲੀਆਂ ਨਾਲ ਕੰਮ ਵਿਚ ਲਗ ਪੈਂਦੇ। ਇਕ ਦਿਨ ਇਕ ਕਲਮ ਆਪ ਨੇ ਕਰੋਂਦੇ ਦੀ ਇਸ ਬਾਗ ਵਿਚ ਗੱਡ ਦਿੱਤੀ, ਉਹ ਪੁੰਗਰ ਪਈ ਤੇ ਬੂਟਾ ਬਣ ਗਈ। ਇਹ ਬੂਟਾ ਹੁਣ ਤੱਕ ਖੜਾ ਹੈ ਤੇ ਇਸ ਨੂੰ ਬਾਰਾਂ ਮਾਸੀ ਕਰੋਂਦੇ ਲਗਦੇ ਸੁਣੀਦੇ ਹਨ। ਬਾਰਾਂ ਮਾਸੀ ਕਹਿੰਦੇ ਹਨ ਜੋ ਇਕ ਰੁਤ ਹੀ ਫਲ ਨਾ ਦੇਵੇ, ਸਗੋਂ ਜਿਸ ਨੂੰ ਹਰ ਰੁੱਤੇ ਫੁਲ ਫਲ ਪੈਂਦੇ ਹੀ ਰਹਿਣ।

### ੮. ਗੋਬਿੰਦ ਘਾਟ—

ਸ਼ਿਵਦੱਤ ਪੰਡਤ ਨੂੰ ਬਾਲਾ ਪ੍ਰੀਤਮ ਜੀ ਨਾਲ ਬੜਾ ਪਿਆਰ ਸੀ ਅਤੇ ਉਹ ਬੜਾ ਅਦਬ ਕਰਦਾ ਤੇ ਸ਼ਰਧਾ ਰਖਦਾ ਸੀ। ਸ਼ਰਧਾ ਆਖਦੇ ਹਨ ਓਸ ਭਾਉਣੀ ਨੂੰ ਜਾਂ ਓਸ ਅਦਬ ਵਾਲੇ ਪਿਆਰ ਨੂੰ ਜੋ ਸੰਤਾਂ, ਮਹਾਤਮਾਂ, ਧਰਮ ਦੇ ਵਡੇ ਲੋਕਾਂ, ਗੁਰੂ ਸਾਹਿਬਾਂ ਤੇ ਪਰਮੇਸ਼ੁਰ ਜੀ ਵਿਚ ਭਗਤੀ ਕਰਨ ਵਾਲੇ ਲੋਕੀ ਆਪਣੇ ਮਨ ਵਿਚ ਰਖਦੇ ਹਨ। ਜੋ ਆਪੋ ਵਿਚ ਪਯਾਰ ਕਰੀਦਾ ਹੈ, ਉਹ ਪਯਾਰ ਹੁੰਦਾ ਹੈ, ਜੋ ਧਰਮ ਵਾਲੇ ਤੇ ਪਵਿੱਤਰ ਲੋਕਾਂ ਨਾਲ ਅਦਬ ਵਿਚ ਹੋ ਕੇ ਪਯਾਰ ਕਰੀਦਾ ਹੈ ਉਹ 'ਸ਼ਰਧਾ' ਹੁੰਦੀ ਹੈ।

ਸ਼ਿਵਦੱਤ ਨੂੰ ਬਹੁਤ ਸ਼ਰਧਾ ਹੋ ਗਈ ਸੀ। ਉਹ ਸਵੇਰੇ ਗੰਗਾ ਦੇ ਘਾਟ ਉਤੇ ਬੈਠ ਕੇ ਅੱਗੇ ਤਾਂ ਠਾਕਰਾਂ ਦੀਆਂ ਪਿੱਤਲ ਦੀਆਂ ਮੂਰਤੀਆਂ ਦੀ ਪੂਜਾ ਕਰਦਾ ਹੁੰਦਾ ਸੀ, ਹੁਣ ਓਥੇ ਅੱਖਾਂ ਮੀਟਕੇ, ਚੌਕੜੀ ਮਾਰ ਕੇ; ਧਿਆਨ ਜੋੜਦਾ ਹੁੰਦਾ ਸੀ। ਤੜਕੇ ਆ ਕੇ ਬੈਠਦਾ ਹੁੰਦਾ ਸੀ ਤੇ ਕਿੰਨਾ ਚਿਰ ਬੈਠਾ ਰਹਿੰਦਾ। ਇਹ ਸੀ ਧਿਆਨ ਜੋੜਨਾ। ਹਾਂ ਜੀ, ਉਹ ਆਪਣੇ ਧਿਆਨ ਵਿਚ ਬਾਲਾ ਪ੍ਰੀਤਮ ਨੂੰ ਵੇਖਦਾ ਰਹਿੰਦਾ। ਬਾਲਾ



www.AKJ.Org

ਪ੍ਰੀਤਮ ਬੀ ਉਸ ਉਤੇ ਦਇਆ ਕਰਦੇ ਸਨ । ਜੋ ਪਜਾਰ ਵਡੇ ਧਰਮੀ ਲੋਕ ਆਪਣੇ ਤੇ ਸ਼ਰਧਾ ਰਖਣ ਵਾਲਿਆਂ ਨਾਲ ਕਰਦੇ ਹਨ, ਉਸ ਨੂੰ ਦਇਆ ਜਾਂ ਮਿਹਰ ਕਹਿੰਦੇ ਹਨ। ਸੋ ਬਾਲਾ ਪ੍ਰੀਤਮ ਜੀ ਘਾਟ ਉਤੇ ਆ ਕੇ ਉਨ੍ਹਾਂ ਨੂੰ ਦਰਸ਼ਨ ਦੇ ਜਾਂਦੇ; ਜੇ ਨਾ ਆਉਣ ਤਾਂ ਸ਼ਿਵਦਤ ਸੰਝਾਂ ਵੇਲੇ ਮੈਣੀ ਰਾਜਾ ਫਤੇ ਚੰਦ ਦੇ ਘਰ ਜਾ ਕੇ ਆਪ ਦਰਸ਼ਨ ਕਰਦਾ; ਓਥੇ ਦੀਵਾਨ ਵਿਚ ਕੀਰਤਨ ਹੋਵੇ ਤਾਂ ਸੁਣਦਾ। ਨਹੀਂ ਤਾਂ ਉਨ੍ਹਾਂ ਦੇ ਚੋਜ ਵੇਖਦਾ। ਫੇਰ ਪੂਰੀ ਚਣੇ ਦਾ ਪ੍ਰਸ਼ਾਦ ਲੈ ਕੇ ਘਰ ਆਉਂਦਾ।

ਬ੍ਰਾਹਮਣ ਲੋਕੀ ਆਪ ਨੂੰ ਵੱਡਾ ਸਮਝਦੇ ਸਨ। ਬਾਲਾ ਪ੍ਰੀਤਮ ਉਤੇ ਐਨੀ ਸ਼ਰਧਾ ਧਾਰ ਲੈਣ ਕਰਕੇ ਬ੍ਰਾਹਮਣ ਸ਼ਿਵਦਤ ਜੀ ਨਾਲ ਥੋੜੇ ਥੋੜੇ ਗੁੱਸੇ ਹੋ ਜਾਂਦੇ ਸਨ। ਪਰ ਉਹ ਕਿਸੇ ਦੀ ਪਰਵਾਹ ਨਹੀਂ ਸੀ ਕਰਦਾ।

ਜਿਸ ਘਾਟ ਤੇ ਸਵੇਰੇ ਬਾਲਾ ਪ੍ਰੀਤਮ ਜੀ ਸ਼ਿਵਦੱਤ ਨੂੰ ਦਰਸ਼ਨ ਦਿਆ ਕਰਦੇ ਸਨ, ਓਸ ਦਾ ਨਾਉਂ ਹੁਣ ਤੋੜੀ 'ਗੋਬਿੰਦ ਘਾਟ'. ਹੈ।

ਉੱਚੇ ਲੋਕ ਜਦ ਕਿਸੇ ਨੂੰ ਆ ਕੇ ਮਿਲਦੇ ਹਨ ਤਾਂ ਆਖੀਦਾ ਹੈ ਦਰਸ਼ਨ ਦਿੱਤਾ ਹੈਨੇ।

**੯. ਨਵਾਬ ਰਹੀਮ ਬਖ਼ਸ਼ ਤੇ ਕ੍ਰੀਮ ਬਖ਼ਸ਼–**

ਜਿਵੇਂ ਰਾਜੇ ਸਨ ਸ਼ਿਵਦੱਤ ਬ੍ਰਾਹਮਣ ਤੇ ਖੱਤ੍ਰੀ ਫਤੇ ਚੰਦ ਮੈਣੀ; ਏਸੇ ਤਰ੍ਹਾਂ ਦੇ ਰਾਜੇ ਸਨ ਦੋ ਮੁਸਲਮਾਨ ਰਹੀਮ ਬਖਸ਼ ਤੇ ਕ੍ਰੀਮ ਬਖਸ਼। ਏਹ ਬੀ ਬੜੀਆਂ ਜ਼ਮੀਨਾਂ ਵਾਲੇ ਤੇ ਪੈਸੇ ਵਾਲੇ ਸਨ; ਪਰ ਇਹਨਾਂ ਨੂੰ ਰਾਜੇ ਨਹੀਂ ਸਨ ਆਖਦੇ; ਮੁਸਲਮਾਨ ਹੋਣ ਕਰਕੇ ਇਹਨਾਂ ਨੂੰ ਨਵਾਬ ਆਖਦੇ ਸਨ। ਇਹ ਦੋਵੇਂ ਗੁਰੂ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਖ ਹੋ ਗਏ ਸਨ। ਕਥਾ ਐਉਂ ਹੈ ਕਿ ਕਦੇ ਨੌਵੇਂ ਗੁਰੂ ਜੀ ਇਹਨਾਂ ਦੇ ਇਕ ਬਾਗ਼ ਵਿਚ ਜਾ ਬੈਠੇ ਤੇ ਓਥੇ ਭਜਨ ਰੱਬ ਜੀ ਦਾ ਕਰਨ ਲੱਗ ਪਏ। ਉਹ ਬਾਗ਼ ਸੁਕ ਰਿਹਾ ਸੀ, ਸੋ ਹਰਿਆ ਹੋ ਪਿਆ। ਇਹਨਾਂ ਨੂੰ ਗੁਰੂ ਜੀ ਉਤੇ ਨਿਹਚਾ ਆ ਗਿਆ ਕਿ ਇਹ ਰੱਬ ਦੇ ਪਿਆਰੇ ਹਨ; ਜਿਨ੍ਹਾਂ ਵਿਚ ਏਨੀ ਬਰਕਤ ਹੈ। ਇਹਨਾਂ ਨੇ ਇਕ ਪਿੰਡ ਤੇ ਇਕ ਬਾਗ ਗੁਰੂ ਕੇ ਲੰਗਰ ਵਾਸਤੇ ਅਰਦਾਸ ਕਰਾ ਦਿੱਤਾ ਸੀ। ਉਹ ਦੋਇ ਵਸਤਾਂ ਸੁਣਦੇ ਹਾਂ ਕਿ ਹੁਣ ਤੋੜੀ ਪਟਨੇ ਸਾਹਿਬ ਗੁਰਦੁਆਰੇ ਦੇ ਨਾਲ ਹਨ।

**੧੦. ਜਗਤਾ ਸੇਠ–**

ਇਹ ਲੋਕ ਤਾਂ ਰਾਜੇ ਨਵਾਬ ਸਨ, ਜ਼ਮੀਨਾਂ ਵਾਲੇ ਤੇ ਜ਼ਮੀਨਾਂ ਦੀ ਆਮਦਨਾਂ ਤੋਂ ਬਣੇ ਸਨ ਸ਼ਾਹੂਕਾਰ ਆਖੋ ਜਾਂ ਬਹੁਤ ਰੁਪਯਾਂ ਵਾਲੇ ਆਖੋ। ਇਕ ਹੋਰ ਸੀ ਓਥੇ, ਉਸਦਾ ਨਾਉਂ ਸੀ ਜਗਤਾ, ਜਿਸ ਨੂੰ ਜਗਤਾ ਸੇਠ ਕਰਕੇ ਸੱਦਦੇ ਸਨ । ਸੇਠ ਹੁੰਦਾ ਹੈ ਵਡਾ ਵਪਾਰੀ; ਵਡਾ ਹੱਟੀਆਂ ਵਾਲਾ; ਜੋ ਬੜੇ ਵਿਹਾਰ ਕਰਦਾ ਹੋਵੇ । ਵਪਾਰੀਆਂ ਜਾਂ ਸੁਦਾਗਰਾਂ ਵਿਚੋਂ ਬਹੁਤ ਵਡੇ ਵਪਾਰੀ ਤੇ ਸੁਦਾਗਰ ਨੂੰ ਸੇਠ ਆਖਦੇ ਹਨ।

ਸੇਠ ਦੀ ਇਕ ਥਾਂ ਤਾਂ ਵਡੀ ਹਟੀ ਹੁੰਦੀ ਹੈ ਤੇ ਹੋਰ ਦੂਰ ਦੂਰ ਸ਼ਹਿਰਾਂ ਵਿਚ ਵੀ ਇਸ ਦੀਆਂ ਹਟੀਆਂ ਜਾਂ ਦੁਕਾਨਾਂ ਹੁੰਦੀਆਂ ਹਨ; ਉਹਨਾਂ ਨੂੰ ਕੋਠੀਆਂ ਆਖਦੇ ਹਨ। ਤੇ ਬਹੁਤ ਸਾਰੀਆਂ ਵਪਾਰੀ ਕੋਠੀਆਂ ਦੇ ਸੇਠ ਨੂੰ ਕੋਠੀਦਾਰ ਆਖਦੇ ਹਨ। ਸੋ ਏਸ ਜਗਤੇ ਸੇਠ ਦੀ ਵਡੀ ਦੁਕਾਨ ਯਾ ਕੋਠੀ ਤਾਂ ਪਟਨੇ ਸੀ ਤੇ ਹੋਰ ਓਧਰ ਕਲਕੱਤੇ ਵੱਲ ਤੇ ਏਧਰ ਲਾਹੌਰ ਤਕ ਵਡੇ ਵਡੇ ਸ਼ਹਿਰਾਂ ਵਿਚ ਕੋਠੀਆਂ ਸਨ। ਇਹ ਲੋਕ ਵਪਾਰ ਕਰ ਕਰ ਕੇ ਬੜੇ ਪੈਸੇ ਵਾਲੇ ਹੋ ਜਾਂਦੇ ਹਨ। ਬਹੁਤ ਪੈਸਾ ਹੋਣ ਕਰਕੇ ਤੇ ਬਹੁਤ ਖਲੇਰੇ ਕੋਠੀਆਂ ਦੇ ਹੋਣ ਕਰਕੇ ਅਤੇ ਬਹੁਤੇ ਨੌਕਰ ਚਾਕਰ ਹੋਣ ਕਰਕੇ ਇਹਨਾਂ ਨੂੰ ਸਭ ਥਾਵਾਂ ਦਾ ਬੰਦੋਬਸਤ ਕਰਨਾ ਪੈਂਦਾ ਹੈ; ਜਿਵੇਂ ਨਿੱਕੇ ਜਿਹੇ ਘਰ ਦਾ ਬੰਦੋਬਸਤ ਘਰ ਦੇ ਬੰਦੇ ਕਰਦੇ ਹਨ। ਬੰਦੋਬਸਤ ਨੂੰ ਪ੍ਰਬੰਧ ਕਰਨਾ ਭੀ ਆਖੀਦਾ ਹੈ ਤੇ ਕੋਈ ਬਾਨ੍ਹਣੂ ਬੰਨ੍ਹਣਾ ਬੀ ਆਖਦੇ ਹਨ। ਇਸ ਕੰਮ ਲਈ ਸੇਠਾਂ ਨੂੰ ਮੁਨੀਬ ਰਖਣੇ ਪੈਂਦੇ ਹਨ। ਮੁਨੀਬ ਆਖਦੇ ਹਨ ਉਸ ਨੂੰ, ਜੋ ਆਦਮੀ ਕਿਸੇ ਵਡੇ ਸੇਠ ਦਾ ਨੌਕਰ ਹੋ ਕੇ, ਉਸ ਦੀ ਤਾਬਿਆ ਰਹਿ ਕੇ ਉਸਦੀ ਕਿਸੇ ਦੁਕਾਨ ਯਾ ਕੋਠੀ ਦਾ ਬੰਦੋਬਸਤ ਕਰੇ; ਜਿਵੇਂ



www.AKJ.Org

ਮਾਲਕ ਕਰਦਾ ਹੈ; ਪਰ ਹੋਵੇ ਮਾਲਕ ਦੀ ਤਾਬਿਆ। ਉਸ ਨੂੰ ਸਾਰੇ ਲੋਕ ਮੁਨੀਬ† ਆਖਦੇ ਹਨ।

ਸੋ ਵਡੇ ਸੇਠਾਂ, ਕੋਠੀਦਾਰਾਂ ਨੂੰ ਇਹਨਾਂ ਮੁਨੀਬਾਂ ਦੇ ਉਤੇ, ਫੇਰ ਸਾਰੇ ਇਨ੍ਹਾਂ ਦੇ ਕੀਤੇ ਦਾ ਆਪ ਖਿਆਲ ਰਖਣਾ ਖੇਂਦਾ ਹੈ। ਇਸ ਕਰਕੇ ਇਨ੍ਹਾਂ ਨੂੰ ਪੁਤਰਾਂ ਦੀ ਲੋੜ ਬਹੁਤੀ ਹੁੰਦੀ ਹੈ ਕਿ ਜੇ ਆਪਣੇ ਇਕ ਦੋ ਪੁਤਰ ਜੰਮ ਪੈਣ, ਸਿਆਣੇ ਹੋ ਜਾਣ, ਤਾਂ ਮੁਨੀਬਾਂ ਦੇ ਉਤੇ ਓਹਨਾਂ ਵਾਙੂ ਤੋਰਾ ਤੋਰਨ ਜੋ ਸਾਰੇ ਖਿਲਾਰੇ ਦਾ ਬੰਦੋਬਸਤ ਠੀਕ ਰਹੇ ਅਤੇ ਜਦੋਂ ਸੇਠ ਬੁੱਢਾ ਹੋ ਕੇ ਮਰ ਜਾਵੇ ਤਾਂ ਪੁਤਰ ਮਾਲਕ ਬਣ ਕੇ ਸਾਰੇ ਕੁਛ ਨੂੰ ਸਾਂਭ ਲੈਣ। ਸੋ ਜਗਤਾ ਸੇਠ ਏਸ ਤਰ੍ਹਾਂ ਦਾ ਵੱਡਾ ਸੇਠ ਸੀ, ਪਰ ਪੁਤਰ ਇਕ ਬੀ ਨਾ ਸੀ ਇਸ ਦੇ ਘਰ। ਏਸ ਨੇ ਵਹੁਟੀਆਂ ਬੀ ਤਿੰਨ ਵਿਆਹ ਲਈਆਂ, ਪਰ ਪੁਤਰ ਕਿਸੇ ਦੇ ਨਾ ਹੋਇਆ। ਇਸ ਨੇ ਕਈ ਸਾਧੂ ਸੰਤ ਬੀ ਸੇਵੇ; ਪਰ ਪੁਤਰ ਤੋਂ ਬਿਨਾਂ ਹੀ ਰਿਹਾ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਪਟਨੇ ਆਏ ਸਨ ਤਾਂ ਜਗਤਾ ਸੇਠ ਉਨ੍ਹਾਂ ਦੀ ਸੇਵਾ ਵਿਚ ਆ ਗਿਆ ਤੇ ਬਹੁਤ ਆਦਰ ਕਰਨ ਲਗ ਪਿਆ। ਭਾਂਤਿ ਭਾਂਤਿ ਦੇ ਮੇਵੇ ਤੇ ਫਲ ਲਿਆ ਕੇ ਭੇਟਾ ਧਰਿਆ ਕਰੇ। ਇਕ ਦਿਨ ਜਗਤਾ ਆਪਣੇ ਮਨ ਵਿਚ ਇਹ ਮੰਗ ਧਰ ਕੇ ਗੁਰੂ ਜੀ ਦੇ ਪਾਸ ਬੈਠਾ ਹੋਇਆ ਸੀ ਕਿ ਮੈਨੂੰ ਪੁਤਰ ਦਾਨ ਮਿਲੇ। ਗੁਰੂ ਜੀ ਦਿਲਾਂ ਦੀਆਂ ਜਾਣ ਲੈਂਦੇ ਸਨ। ਆਪ ਜੀ ਨੇ ਜਗਤੇ ਨੂੰ ਤ੍ਰੈ ਸੇਊ ਦਿੱਤੇ। ਜਗਤੇ ਨੇ ਜਾਤਾ ਤ੍ਰੈ ਸੇਊ ਨਹੀਂ, ਮੈਨੂੰ ਤ੍ਰੈ ਪੁਤਰ ਮਿਲੇ ਹਨ। ਸੋ ਉਹ ਘਰ ਜਾ ਕੇ ਇਕ ਇਕ ਸੇਊ ਇਕ ਇਕ ਵਹੁਟੀ ਨੂੰ ਦੇ ਕੇ ਆਖਣ ਲੱਗਾ ਲਓ ਅੱਜ ਗੁਰੂ ਜੀ ਦੀ ਮੇਹਰ ਹੋ ਗਈ ਹੈ। ਸੋਈਓ ਗੱਲ ਹੋਈ ਕਿ ਜਗਤੇ ਦੇ ਘਰ ਤਿੰਨ ਪੁਤਰ ਜੰਮ ਪਏ। ਸੇਠ ਤੇ ਸੇਠਾਣੀਆਂ ਫੇਰ ਗੁਰੂ ਕੇ ਪੱਕੇ ਸਿਖ ਬਣ ਗਏ। ਗੁਰੂ ਜੀ ਤਾਂ ਟੁਰ ਗਏ ਸੀ ਅਸਾਮ ਦੇਸ ਨੂੰ, ਪਰ ਜਗਤਾ ਤੇ ਸੇਠਾਣੀਆਂ ਬਾਲਾ ਪ੍ਰੀਤਮ ਜੀ ਦੀ ਬਹੁਤ ਸੇਵਾ ਕਰਦੇ ਰਹੇ। ਹਰ ਤਰ੍ਹਾਂ ਸਾਹਿਬਜ਼ਾਦੇ ਨੂੰ ਖੁਸ਼ ਰਖਦੇ, ਸੈਲਾਂ ਕਰਵਾਉਂਦੇ, ਖਡੌਣੇ, ਗਹਿਣੇ, ਕਪੜੇ, ਛੋਟੇ ਛੋਟੇ ਤੀਲੀਆਂ ਦੇ ਤੀਰ ਕਮਾਨ ਭੇਟਾ ਕਰਦੇ।

†ਮੁਨੀਬ ਪਦ ਅਰਬੀ ਬੋਲੀ ਦਾ ਹੈ, ਇਸ ਦਾ ਅਰਥ ਹੈ ਜੋ ਨਾਇਬ ਰਖੇ। ਨਾਇਬ ਆਖਦੇ ਹਨ ਆਪਣੇ ਹੇਠਾਂ ਨੌਕਰ ਰਖੇ ਹੋਏ ਨੂੰ। ਪਰ ਪੰਜਾਬੀ ਵਿਚ ਮੁਨੀਬ ਉਸ ਨੂੰ ਆਖਦੇ ਹਨ ਜੋ ਕਿਸੇ ਕੋਠੀਦਾਰ ਦੇ ਹੇਠਾਂ ਨੌਕਰ ਰਹਿ ਕੇ ਕੰਮ ਕਾਜ ਟੋਰੇ।

**੧੧. ਖੂਹ ਖਾਰਾ—**

ਜਿਥੇ ਗੁਰੂ ਤੇਗ ਬਹਾਦਰ ਜੀ ਪਰਵਾਰ ਨੂੰ ਛੋੜ ਗਏ ਸਨ ਓਹ ਘਰ ਹੁਣ ਗੁਰਦੁਆਰਾ ਹੈ, ਓਸ ਨੂੰ ਤਖਤ ਸਾਹਿਬ ਆਖਦੇ ਹਨ। ਗੁਰਸਿਖੀ ਵਿਚ ਪੰਜ ਵਡੇ ਗੁਰਦੁਆਰੇ ਹਨ। ਇਕ ਸ੍ਰੀ ਹਰਿਮੰਦਰ ਸ੍ਰੀ ਅੰਮ੍ਰਿਤਸਰ ਵਾਲਾ, ਜਿਸ ਨੂੰ ਦਰਬਾਰ ਸਾਹਿਬ ਆਖਦੇ ਹਨ, ਜੋ ਅੰਮ੍ਰਿਤ ਸਰੋਵਰ ਵਿਚ ਖੜਾ ਸੁਨਹਿਰੀ ਮੰਦਰ ਹੈ। ਇਹ ਮੰਦਰ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਬਣਾਇਆ ਸੀ। ਇਸ ਤੋਂ ਛੁਟ ਚਾਰ ਗੁਰਦੁਆਰੇ ਤਖਤ ਸਾਹਿਬ ਸੱਦੀਂਦੇ ਹਨ। ਦੂਜਾ ਗੁਰਦੁਆਰਾ ਤਖਤ ਅਕਾਲ ਬੁੰਗਾ ਹੈ ਜੋ ਇਸ ਹਰੀਮੰਦਰ ਦੇ ਸਾਹਮਣੇ ਪ੍ਰਕਰਮਾ ਦੇ ਵਿਚ ਹੀ ਹੈ। ਇਹ ਤਖਤ ਸਾਹਿਬ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਣਾਇਆ ਸੀ। ਦੂਜਾ ਪਟਣੇ ਸਾਹਿਬ ਦਾ ਇਹ ਮੰਦਰ ਜਿਸ ਨੂੰ ਦੂਜਾ ਤਖਤ ਸਾਹਿਬ ਕਹੀਦਾ ਹੈ, ਜਿਥੇ ਗੁਰੂ ਗੋਬਿੰਦ ਸਿੰਘ ਜੀ ਅਵਤਾਰਧਾਰੀ ਹੋਏ ਸਨ। ਤੀਜੇ ਅਨੰਦਪੁਰ ਸਾਹਿਬ ਦਾ ਤਖਤ ਕੇਸਗੜ੍ਹ ਸਾਹਿਬ, ਜਿਥੇ ਗੁਰੂ ਗੋਬਿੰਦ ਸਿੰਘ ਜੀ ਪਟਣੇ ਤੋਂ ਜਾ ਕੇ ਵਸਦੇ ਰਹੇ ਤੇ ਅੰਮ੍ਰਿਤ ਤਿਆਰ ਕਰ ਕੇ ਖਾਲਸਾ ਪੰਥ ਟੋਰਿਆ। ਚੌਥਾ ਤਖਤ ਹੈ ਸ੍ਰੀ ਸਚਖੰਡ ਸ੍ਰੀ ਹਜ਼ੂਰ ਨਾਦੇੜ ਸ਼ਹਿਰ ਦਖਣ ਵਿਚ, ਜਿਥੇ ਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਸਰੀਰ ਛੱਡ ਕੇ ਮੁੜ ਵਾਹਿਗੁਰੂ ਦੇ ਦੇਸ਼ ਚਲੇ ਗਏ ਸਨ।

ਸੋ ਜਿਥੇ ਪਟਣੇ ਸ਼ਹਿਰ ਵਿਚ ਇਸ ਬਾਲ ਉਮਰਾ ਵਿਚ ਸਾਹਿਬਜ਼ਾਦੇ ਜੀ ਵਸਦੇ ਤੇ ਖੇਲਾਂ ਤੇ ਚੋਜ ਕਰਦੇ ਸੀ, ਓਸੇ ਵਿਹੜੇ ਵਿਚ ਇਕ ਖੂਹ ਸੀ, ਪਾਣੀ ਏਸ ਦਾ ਮਿੱਠਾ ਸੀ, ਪੀਣ ਵਾਲਾ ਮਿਠਾ ਪਾਣੀ।



www.AKJ.Org

ਸ਼ਰਬਤ ਵਾਙੂ ਮਿਠਾ ਨਾ, ਪਰ ਜਿਸਦਾ ਸੁਆਦ ਖਾਰਾ ਨਹੀਂ ਸੀ। ਪਾਣੀ ਚੰਗਾ ਹੋਣ ਕਰਕੇ ਲੋਕੀਂ ਇਥੋਂ ਪਾਣੀ ਭਰਨ ਆਉਂਦੇ ਸਨ। ਸਾਹਿਬਜ਼ਾਦੇ ਹੁਣ ਹੋਰ ਖੇਡਾਂ ਖੇਡਦੇ, ਤੀਰ ਚਲਾਉਂਦੇ ਸਨ। ਛੋਟੇ ਛੋਟੇ ਕਾਨੀਆਂ ਦੇ ਤੀਰ, ਜਿਨ੍ਹਾਂ ਨਾਲ ਫਟ ਨਾ ਲਗੇ ਤੇ ਨਿਸ਼ਾਨਾ ਫੁੰਡ ਹੋ ਜਾਵੇ। ਨਾਲੇ ਗੁਲੇਲਾਂ ਨਾਲ ਬੀ ਨਿਸ਼ਾਨੇ ਫੁੰਡਦੇ ਸਨ। ਕਦੇ ਕਦੇ ਪਾਣੀ ਭਰਨ ਆਈਆਂ ਵਿਚੋਂ ਕਿਸੇ ਦੇ ਘੜੇ ਨੂੰ ਗੁਲੇਲ ਮਾਰਦੇ ਤੇ ਉਹ ਫੁਟ ਜਾਂਦਾ। ਇਹ ਖੇਡ ਮਾੜੀ ਲੱਗਦੀ ਹੈ ਤੇ ਹੈ ਬੀ ਮਾੜੀ, ਪਰ ਉਹ ਤਾਂ ਕੋਈ ਹਾਨੀ ਕਰਨ ਲਈ ਘੜੇ ਨਹੀਂ ਸਨ ਫੁੰਡਦੇ, ਉਹ ਤਾਂ ਨਿਸ਼ਾਨਾ ਪਕਾਉਂਦੇ ਸਨ, ਇਕ ਗੱਲ, ਦੂਜੇ ਜਿਨ੍ਹਾਂ ਦੇ ਘੜੇ ਫਟਦੇ ਸਨ ਉਹ ਮਾਤਾ ਜੀ ਪਾਸ ਆ ਕੇ ਦੁਹਾਈਆਂ ਪਾਉਂਦੀਆਂ। ਮਾਤਾ ਜੀ ਉਨ੍ਹਾਂ ਨੂੰ ਖਾਣ ਯਾ ਪਹਿਨਣ ਨੂੰ ਯਾ ਘੜੇ ਲਈ ਪੈਸੇ ਦੇਂਦੇ। ਐਉਂ ਦਾਨ ਹੁੰਦਾ ਦਖ ਕੇ ਖ਼ੁਸ਼ ਹੁੰਦੇ। ਫੇਰ ਆਖਦੇ ਮਾਈ ਤੇਰੇ ਪਾਪ ਫੁਟ ਗਏ ਨੀ, ਘੜੇ ਨੂੰ ਕਿਉਂ ਪਈ ਰੋਨੀ ਏਂ। ਇਹ ਪਾਣੀ ਭਰਨ ਵਾਲੀਆਂ ਬਾਲਕੇ ਦੇ ਚੋਜ ਦੇਖਣ ਲਗ ਜਾਣ, ਮਾਤਾ ਦੀ ਦਾਤ ਨਾਲ ਖਿੜ ਜਾਣ, ਫੇਰ ਦੀਵਾਨ ਵਿਚ ਕੀਰਤਨ ਸੁਣਨ ਲਗ ਪੈਣ, ਐਉਂ ਪਾਪ ਫੁੰਡੇ ਜਾਣ।

ਹਰ ਕੋਈ ਬਾਲਕਾ ਤਾਂ ਐਸ ਤਰ੍ਹਾਂ ਨਹੀਂ ਨਾ ਕਰ ਸਕਦਾ, ਇਹ ਤਾਂ ਰੱਬ ਵਲੋਂ ਆਇਆ ਹੋਣ ਕਰਕੇ ਬਾਲਪਨੇ ਵਿਚ ਹੀ ਵਡੇ ਬਲ ਵਾਲਾ, ਵਡੀ ਅਕਲ ਵਾਲਾ, ਤੇ ਵਡੇ ਦਾਨ ਵਾਲਾ ਸੀ, ਤਾਂ ਕਰਦਾ ਸੀ ਖੇਡਾਂ, ਪਰ ਖੇਡਾਂ ਦਾ ਫਲ ਹੁੰਦਾ ਸੀ ਭਲਾ ਹੀ ਭਲਾ।

ਇਕ ਦਿਨ ਗੁਲੇਲ ਕਿਸੇ ਮਾਈ ਦੇ ਮੱਥੇ ਲਗ ਗਈ, ਉਹ ਬਹੁਤ ਵਿਆਕੁਲ ਹੋ ਕੇ ਮਾਤਾ ਪਾਸ ਆ ਕੇ ਰੁੰਨੀ, ਮਾਤਾ ਜੀ ਨੇ ਉਸ ਨੂੰ ਬਹੁਤ ਪਯਾਰ ਕੀਤਾ, ਬਹੁਤ ਕੁਛ ਦਿਤਾ, ਪਰ ਅਜ ਮਾਤਾ ਜੀ ਬੀ ਘਬਰਾ ਗਏ ਤੇ ਖੂਹ ਪਾਸ ਆ ਕੇ ਬੋਲੇ—ਹੇ ਸੱਚੇ ਗੁਰੂ ਨਾਨਕ! ਏਸ ਖੂਹ ਦਾ ਪਾਣੀ ਖਾਰਾ ਕਰ ਦਿਓ, ਨਾ ਕੋਈ ਪਾਣੀ ਭਰਨ ਆਵੇ ਤੇ ਨਾ ਕਿਸੇ ਨੂੰ ਗੁਲੇਲ ਲਗੇ। ਸੋ ਸੱਚ ਮੁੱਚ ਖੂਹ ਖਾਰਾ ਹੋ ਗਿਆ, ਜੋ ਅਜ ਤਕ ਖਾਰਾ ਹੈ।

---

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਤ ਹੋਣ ਦੀ ਥਾਂ— | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ— | ਮਾਸਕ ਪੱਤਰ |
| ੩.੪.੫. ਪ੍ਰਿੰਟਰ ਪਬਲਿਸ਼ਰ, ਸੰਪਾਦਕ— ਨਾਂ, ਕੌਮੀਅਤ ਤੇ ਪਤਾ— | ਸੇਵਾ ਸਿੰਘ, ਭਾਰਤੀ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| ੬. ਮਾਲਕ— | ਸਰਬ ਹਿੰਦ ਅਖੰਡ ਕੀਰਤਨੀ ਜੱਥਾ<br>ਜਥੇਦਾਰ ਬਾਊ ਮਲ ਸਿੰਘ ਜੀ<br>ਪਲਾਸੌਰ ਰੋਡ, ਤਰਨ ਤਾਰਨ (ਅੰਮ੍ਰਿਤਸਰ) |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧. ੩. ੭੭

ਦਸਖ਼ਤ ਪਬਲਿਸ਼ਰ—ਸੇਵਾ ਸਿੰਘ.



www.AKJ.Org

# ਮਾਸ ਸ਼ਰਾਬ ਸੇਵਨ ਦੀ ਕੁਵਾਦੀ ਪੰਥ ਵਿਚ ਕਦੋਂ, ਕਿਵੇਂ ਤੇ ਕਿਥੋਂ ਆਈ ?

[ਵਲੋਂ —ਜੇ. ਪੀ. ਸੰਗਤ ਸਿੰਘ ਜੀ, 75/3, ਬੰਬਈ–82]

ਸਿਖ ਧਰਮ ਨੂੰ ਕਮਜ਼ੋਰ ਕਰਨ ਅਤੇ ਇਸ ਵਿਚ ਤ੍ਰੇੜਾਂ ਪਾਉਣ ਦੀ ਜਿਹੜੀ ਸਾਜ਼ਸ਼ ਸਭ ਤੋਂ ਪਹਿਲਾਂ ਸਤਿਗੁਰੂ ਸ੍ਰੀ ਅਮਰਦਾਸ ਸਾਹਿਬ ਜੀ ਨੇ ਭਾਂਪੀ ਤੇ ਕੌਮ ਨੂੰ ਇਸ ਤੋਂ ਬਚ ਕੇ ਰਹਿਣ ਦੀ ਤੰਬੀਹ ਕੀਤੀ :—

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੁ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆ ਸਿਰਿ ਬਾਣੀ......॥੨੩॥
ਸਤਿਗੁਰੂ ਬਿਨਾ ਹੋਰੁ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ......॥੨੪॥ [ਰਾਮਕਲੀ ਮ: ੩—੯੨੦

ਨਾਨਕੁ ਨਾਮੁ ਹੇਠਾਂ ਕਚੀ ਬਾਣੀ ਤੀਜੇ ਪਾਤਿਸ਼ਾਹ ਦੇ ਸਮੇਂ ਹੋਣੀ ਅਰੰਭ ਹੋ ਗਈ ਸੀ, ਜਿਸਨੇ ਪੰਜਵੇਂ ਸਤਿਗੁਰੂ ਜੀ ਦੇ ਸਮੇਂ ਉਗਰ ਰੂਪ ਧਾਰਨ ਕਰ ਲਿਆ ਤਾਂ ਸਤਿਗੁਰੂ ਜੀ ਨੇ "ਸਚੀ ਬਾਣੀ" ਨੂੰ ਸੁਰਖਿਅਤ ਕਰਨ ਲਈ ਅਤੇ ਕਚੀ ਬਾਣੀ ਦੀ ਮਿਲਾਵਟ ਤੋਂ ਬਚਾਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰ ਦਿਤੀ ।

ਹੁਣ ਪੰਥ-ਦੋਖੀ ਭਾਵਨਾਵਾਂ ਦਾ ਬਾਣੀ ਨੂੰ ਵਿਗਾੜ ਸਕਣ ਦੀਆਂ ਇਛਾਵਾਂ ਤੇ ਤਾਂ ਗੜੇਮਾਰ ਹੋ ਗਈ, ਜਿਸ ਕਰਕੇ ਇਹ ਹੋਰ ਹੋਰ ਪਾਸੇ ਵਲ ਰੁਚਿਤ ਹੋਈਆਂ, ਜਿਵੇਂ ਸੁਲਹੀ ਨੂੰ ਪ੍ਰੇਰ ਕੇ ਪੰਜਵੇਂ ਸਤਿਗੁਰੂ ਜੀ ਉਤੇ ਚੜ੍ਹਾ ਲਿਆਉਣਾ, ਛੇਵੇਂ ਸਤਿ-ਗੁਰੂ ਜੀ ਨੂੰ ਜਦੋਂ ਅਜੇ ਕੁਛੜ ਦੇ ਬਾਲਕ ਸਨ, ਜ਼ਹਿਰ ਦੇਣ ਦਾ ਯਤਨ ਕਰਨਾ, ਪੰਜਵੇਂ ਸਤਿਗੁਰੂ ਜੀ ਦੀ ਸ਼ਹੀਦੀ ਵਿਚ ਵਿਤੋਂ ਵਧ ਯਤਨ ਕਰਨਾ, ਨੌਵੇਂ ਸਤਿਗੁਰੂ ਜੀ ਦੇ ਪਰਗਟ ਹੋਣ ਤੋਂ ਪਹਿਲਾਂ ੨੨ ਮੰਜੀਆਂ ਲਾ ਕੇ ਸੰਗਤਾਂ ਨੂੰ ਗੁਮਰਾਹ ਕਰਨਾ, ਨੌਵੇਂ ਸਤਿਗੁਰੂ ਜੀ ਉਤੇ ਬੰਦੂਕ ਦਾ ਵਾਰ ਕਰਨਾ, ਪੰਜਵੇਂ ਸਤਿਗੁਰੂ ਸਮੇਂ ਮਿਹਰਬਾਨ ਜੀ ਤੇ ਹਿੰਦਾਲ ਵਲੋਂ ਗੁਰੂ ਨਾਨਕ ਪਾਤਿਸ਼ਾਹ ਦੀਆਂ ਜਨਮ ਸਾਖੀਆਂ ਪਹਿਲੀ ਵੇਰ ਤਿਆਰ ਕਰਨੀਆਂ ਆਦਿ । ਇਸ ਸਭ ਕੁਝ ਦੇ ਨਾਲ ਨਾਲ ਹੋਰ ਵੀ ਕਈ ਪ੍ਰਕਾਰ ਦੇ ਯਤਨ ਪੰਥ ਨੂੰ ਕਮਜ਼ੋਰ ਕਰਨ ਲਈ ਸਮੇਂ ਸਮੇਂ ਕੀਤੇ ਜਾਂਦੇ ਰਹੇ, ਪਰ ਸਤਿਗੁਰੂ ਸਾਹਿਬਾਨ ਦੇ ਜੀਵਨ ਕਾਲ ਵਿਚ ਉਹਨਾਂ ਨੂੰ ਆਪਣੀਆਂ ਕੁਟਲ ਨੀਤੀਆਂ ਵਿਚ ਪੂਰਨ ਤੌਰ ਤੇ ਸਫਲਤਾ ਪ੍ਰਾਪਤ ਨਾ ਹੋ ਸਕੀ । ਅੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾ ਜਾਣ ਪਿਛੋਂ ਇਕ ਪੁਸਤਕ "**ਪ੍ਰੇਮ ਸੁਮਾਰਗ ਗ੍ਰੰਥ**" ਇਸੇ ਪੰਥ-ਦੋਖੀ ਜੁੰਡਲੀ ਵਲੋਂ ਪ੍ਰਕਾਸ਼ਤ ਕੀਤਾ ਗਿਆ । ਇਸ ਪੁਸਤਕ ਨੂੰ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਪ੍ਰਸਿਧ ਕੀਤਾ ਗਿਆ, ਇਸ ਦੇ ਕਰਤਾ ਦੇ ਨਾਉਂ ਦੀ ਥਾਂ "ਮੁਖਵਾਕ ਪਾਤਿਸ਼ਾਹੀ ੧੦" ਲਿਖਿਆ ਗਿਆ ਅਤੇ ਪੂਰਨ ਚਾਤਰੀ ਨਾਲ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਦੇ ਤੌਰ ਤੇ ਪ੍ਰਚਲਤ ਕਰ ਦਿਤਾ ਗਿਆ ।

ਇਹ ਸਮਾਂ ਉਹ ਸੀ ਜਦੋਂ ਕਿ ਸਿਖ, ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ੬੦-੭੦ ਸਾਲ ਦੇ ਸਖਤ ਸੰਘਰਸ਼ ਪਿਛੋਂ, ਪੰਜਾਬ ਵਿਚ ਸਤਾ ਵਿਚ ਆ ਰਹੇ ਸਨ । ਬੜੇ ਹੀ ਚਿਰ ਪਿਛੋਂ ਸਿਖਾਂ ਨੂੰ ਆਪਣੇ ਦੇਸ਼ ਵਿਚ ਆਜ਼ਾਦ ਵਾਤਾਵਰਨ ਵਿਚ ਸੁਖ ਦਾ ਸਾਹ ਲੈ ਸਕਣਾ ਨਸੀਬ ਹੋ ਰਿਹਾ ਸੀ । ਸਿਖ ਏਹਨੀਂ ਦਿਨੀਂ ਪੰਜਾਬ ਦਾ ਰਾਜ ਕਾਜ ਸੰਭਾਲ ਰਹੇ ਸਨ । ਇਹਨਾਂ ਕੋਲ ਹੁਣ ਪੈਸਾ ਸੀ, ਤਾਕਤ ਸੀ, ਵਸੀਲੇ ਸਨ । ਇਸ ਸਭ ਕੁਝ ਦੇ ਹੁੰਦਿਆਂ ਉਹਨਾਂ ਨੂੰ ਕਈ ਸਾਲਾਂ ਦੇ ਸੰਘਰਸ਼ ਦੀ ਥਕਾਵਟ ਲਾਹ ਸਕਣ ਲਈ ਐਸ਼ ਇਸ਼ਰਤ ਕਰਨ ਦੀ ਉਤਸੁਕਤਾ ਸੀ । ਖੁਲ੍ਹ ਪ੍ਰਾਪਤੀ ਦੀ ਇੱਛਾ ਸੀ, ਪਰ ਇਹ ਸਭ ਕੁਝ ਗੁਰਮਤਿ ਅਨਕੂਲ ਜੀਵਨ-ਜ਼ਾਬਤਿਆਂ ਅਤੇ ਸਿਖੀ ਰਹਿਤ ਮਰਯਾਦਾ ਵਿਚ ਰਹਿ ਕੇ ਨਹੀਂ ਸੀ ਪ੍ਰਾਪਤ ਕੀਤਾ ਜਾ ਸਕਦਾ ।

ਇਸ ਸਮੇਂ ਤੋਂ ਪੰਥ-ਦੋਖੀਆਂ ਨੇ ਲਾਭ



www.AKJ.Org

ਉਠਾਂਦੇ ਹੋਏ ਇਹ ਪ੍ਰੇਮ ਸੁਮਾਰਗ ਗ੍ਰੰਥ† ਲਿਆ ਪ੍ਰਕਾਸ਼ਿਤ ਕੀਤਾ। ਇਹ ਗ੍ਰੰਥ ਐਸ਼-ਪ੍ਰਸਤਾਂ ਨੂੰ ਹਰ ਪ੍ਰਕਾਰ ਦੀ ਖੁਲ੍ਹ ਤੇ ਐਸ਼ੋ ਇਸ਼ਰਤ ਦੀ ਆਗਿਆ ਦੇਂਦਾ ਸੀ। ਇਸ ਅਨੁਸਾਰ ਜੀਵਨ ਦੇ ਹਰ ਪ੍ਰਕਾਰ ਦੇ ਮੌਜ-ਮੇਲੇ ਮਾਣ ਸਕਣ ਦੀ ਸੁਤੰਤ੍ਰਤਾ ਸੀ। ਇਹੋ ਹੀ ਉਸ ਵੇਲੇ ਦੇ ਮਾਇਆ ਤੇ ਤਾਕਤ ਵਿਚ ਅੰਨ੍ਹੇ ਹੋਏ ਸਿਖ ਸਰਦਾਰਾਂ ਦੀ ਲੋੜ ਸੀ। ਅੰਨ੍ਹਾ ਕੀ ਮੰਗੇ ਦੋ ਅਖੀਆਂ। ਇਹ ਗ੍ਰੰਥ ਸਹਿਜੇ ਹੀ ਉਦੋਂ ਪ੍ਰਚਲਿਤ ਅਤੇ ਪ੍ਰਵਾਨਿਤ ਹੋ ਗਿਆ। ਸ਼ਾਇਦ ਕੋਈ ਹੋਰ ਸਮਾਂ ਹੁੰਦਾ ਤਾਂ ਇਹੋ ਜਿਹੀ ਪੁਸਤਕ ਸਹਿਜੇ ਹੀ ਸਰਬ ਪ੍ਰਵਾਨ ਨਾ ਹੋ ਸਕਦੀ ਅਤੇ ਪੂਰੀ ਦੀ ਪੂਰੀ ਕੌਮ ਇਸ ਨਾਲ ਪਥ-ਭ੍ਰਿਸ਼ਟ ਤੇ ਅਹਾਰ-ਭ੍ਰਿਸ਼ਟ ਨਾ ਹੁੰਦੀ।

ਇਹ ਪੁਸਤਕ ਆਪਣੀ ਸਮਿਗ੍ਰੀ ਅਤੇ ਲਿਖਤਾਂ ਤੋਂ ਹੀ ਸਾਫ ਤੌਰ ਤੇ ਪ੍ਰਮਾਣਿਤ ਕਰਦੀ ਹੈ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਬਿਲਕੁਲ ਨਹੀਂ ਹੈ, ਸਗੋਂ ਸਤਿਗੁਰੂ ਜੀ ਦੇ ਜੀਵਨ ਤੋਂ ਪਿਛੋਂ, ਤੇ ਬਹੁਤ ਪਿਛੋਂ ਲਿਖੀ ਗਈ ਹੈ।

ਇਸ ਸੰਬੰਧੀ ਭਾ: ਕਾਹਨ ਸਿੰਘ ਜੀ ਨਾਭਾ ਲਿਖਦੇ ਹਨ :—

ਇਸ ਪੁਸਤਕ ਦੇ ਆਦਿ ਵਿਚ "ਸ੍ਰੀ ਮੁਖ-ਵਾਕ ਪਾਤਿਸ਼ਾਹੀ ੧੦" ਲਿਖਿਆ ਹੈ, ਪਰ ਇਹ ਕਿਸੇ ਪ੍ਰੇਮੀ ਸਿਖ ਦੀ ਰਚਨਾ ਹੈ ਜੋ ੧੮੮੦ ਅਥਵਾ ੧੮੮੫ ਬਿਕ੍ਰਮੀ ਵਿਚ ਲਿਖੀ ਗਈ ਹੈ।

[ਗੁਰਮਤਿ ਸੁਧਾਕਰ, ਪੰਨਾ ੪੪੫

ਸ: ਰਣਧੀਰ ਸਿੰਘ ਜੀ ਰੀਸਰਚ ਸਕਾਲਰ ਦਾ ਵਿਚਾਰ ਹੈ:—

ਇਹ ਗ੍ਰੰਥ ਸੰਮਤ ੧੭੬੫ ਤੇ ੧੮੧੬ ਬਿਕ੍ਰਮੀ (੧੭੦੮-੧੭੫੯) ਵਿਚਕਾਰ ਦਾ ਹੀ ਲਿਖਿਆ ਸਹੀ ਹੁੰਦਾ ਹੈ।

[ਪ੍ਰੇਮ ਸੁਮਾਰਗ ਸੰਪਾਦਕੀ ਪੰਨਾ—੧੦

ਭਾ: ਸਾਹਿਬ ਭਾ: ਕਾਹਨ ਸਿੰਘ ਜੀ ਦਾ ਵਿਚਾਰ ਹੈ ਕਿ ਇਹ ਕਿਸੇ ਪ੍ਰੇਮੀ ਸਿਖ ਦੀ ਕ੍ਰਿਤ ਹੈ, ਪਰ ਸਾਡਾ ਵਿਸ਼ਵਾਸ ਹੈ ਕਿ ਇਹ ਕਿਸੇ ਪੰਥ-ਦੋਖੀ ਤੇ ਪੰਥ-ਧ੍ਰੋਹੀ ਸਿਖ ਦੀ ਸਾਜ਼ਸ਼ ਹੈ, ਜਿਹੜੀ ਕਿ ਉਸ ਨੇ ਸਮੁੱਚੇ ਪੰਥ ਨੂੰ ਅਹਾਰ-ਭ੍ਰਿਸ਼ਟ ਅਤੇ ਆਚਾਰ-ਭ੍ਰਿਸ਼ਟ ਕਰਨ ਲਈ ਇਹ ਚਾਲ ਚਲੀ ਹੈ ਅਤੇ ਆਪਣਾ ਨਾਉਂ ਲਿਖਣ ਦੀ ਦਲੇਰੀ ਨ ਕਰਦੇ ਹੋਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਨਾਲ ਮਨਸੂਬ ਕਰਕੇ ਇਸ ਸਾਜ਼ਸ਼ ਵਿਚ ਪੂਰੇ ਪੰਥ ਨੂੰ ਗ੍ਰਸ ਸਕਣ ਦਾ ਯਤਨ ਕੀਤਾ ਹੈ। ਇਹ ਸਜਣ ਗੁਰੂ ਅਥਵਾ ਗੁਰੂ ਘਰ ਜਾਂ ਪੰਥ ਦਾ ਪ੍ਰੇਮੀ ਤਾਂ ਨਹੀਂ ਹੋ ਸਕਦਾ, ਹਾਂ ਗੁਰੂ-ਦੋਖੀ ਜਾਂ ਪੰਥ-ਧ੍ਰੋਹੀ ਧੜੇ ਦਾ ਪ੍ਰੇਮੀ ਹੋ ਸਕਦਾ ਹੈ।

ਲਿਖਾਰੀ ਦੀ ਬਦਨੀਯਤੀ ਦਾ ਸਭ ਤੋਂ ਵਡਾ ਸਬੂਤ ਤਾਂ ਇਹ ਹੈ ਕਿ ਉਸਨੇ ਇਸਦੇ ਕਰਤਾ ਦੇ ਤੌਰ ਤੇ ਆਪਣਾ ਨਾਉਂ ਨਾ ਦੇ ਕੇ "ਸ੍ਰੀ ਮੁਖਵਾਕ ਪਾਤਿਸ਼ਾਹੀ ੧੦" ਲਿਖਿਆ ਹੈ। ਇਹ ਇਨ ਬਿਨ ਉਹੋ ਜਿਹੀ ਹੀ ਸਾਜ਼ਸ਼ ਹੈ ਜਿਹੋ ਜਿਹੀ ਨਾਨਕ ਨਾਉਂ ਹੇਠਾਂ ਬਾਣੀ ਰਚਣ ਦੀ ਉਸ ਤੋਂ ਪਹਿਲਾਂ ਕੀਤੀ ਗਈ ਸੀ।

ਅਸੀਂ ਇਸ ਪੁਸਤਕ ਦੀ ਲਿਖਤ ਦੀਆਂ ਕੁਝ ਇਕ ਵੰਨਗੀਆਂ ਅੰਕਿਤ ਕਰਦੇ ਹਾਂ। ਇਹਨਾਂ ਨੂੰ ਪੜ੍ਹ ਕੇ ਪਾਠਕ ਆਪ ਹੀ ਅਨੁਮਾਨ ਲਗਾ ਲੈਣ ਕਿ ਇਹ ਲਿਖਤ ਦਸਮ ਪਾਤਿਸ਼ਾਹ ਦੀ ਹੋ ਸਕਦੀ ਹੈ? ਅਤੇ ਕੀ ਇਹ ਰਚਨਾ ਪੰਥ ਨੂੰ ਆਚਰਨ-ਹੀਨ, ਮਰਯਾਦਾ-ਹੀਨ ਅਤੇ ਗੁਮਰਾਹ ਕਰਨ ਲਈ ਨਹੀਂ ਕੀਤੀ ਗਈ?

ਪੰਨਾ ੧:—ਅਰੁ ਮੈ ਜੋ ਹੋਂ ਪਰਮ ਪੁਰਖੁ, ਸੋ ਸਭਿ
ਘਟਿ ਬਿਖੈ ਬਿਆਪ ਰਿਹਾ ਹੋਂ॥

ਸਤਿਗੁਰੂ ਜੀ ਨੇ ਆਪਣੇ ਆਪ ਨੂੰ 'ਪਰਮ ਪੁਰਖ ਕੋ ਦਾਸ' ਆਖਿਆ ਹੈ, ਕਦੇ ਵੀ ਪਰਮ ਪੁਰਖ ਨਹੀਂ ਆਖਿਆ, ਸਗੋਂ ਤਾੜਨਾ ਕੀਤੀ ਹੈ ਕਿ "ਜੋ ਮੋਕਉ ਪਰਮੇਸਰ ਉਚਰ ਹੈ। ਤੇ ਸਭ ਨਰਕ ਕੁੰਡ ਮੇਂ ਪਰ ਹੈਂ।" ਪਰ ਇਹ ਲਿਖਤ ਸਰਾਸਰ ਸਤਿਗੁਰੂ ਜੀ ਦੇ ਵਿਚਾਰਾਂ ਦੇ ਵਿਰੁਧ ਹੈ।

†ਇਹ 'ਪ੍ਰੇਮ ਸੁਮਾਰਗ ਗ੍ਰੰਥ' ਪਹਿਲੀ ਵਾਰ ੧੯੫੩ ਵਿਚ ਸਿਖ ਹਿਸਟਰੀ ਸੁਸਾਇਟੀ (ਸ਼੍ਰੋ: ਗੁ: ਪ੍ਰ: ਕ:) ਵਲੋਂ ਛਪਿਆ ਸੀ।



www.AKJ.Org

ਪੰਨਾ ੨੪—ਬੱਚੇ ਦੇ ਜਨਮ ਸੰਸਕਾਰ ਸੰਬੰਧੀ ਸਤਵੇਂ ਦਿਨ ਦੀ ਰਸਮ ਇਸ ਪ੍ਰਕਾਰ ਲਿਖੀ ਹੈ—

ਫੇਰਿ ਮਾਤਾ ਕੀ ਗੋਦ ਬਿਖੈ ਬਿਠਾਇ। ਕੜਾਈ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਕੀ ਕਰੇ ਜਤਾ ਸਕਤਿ। ਸਤ ਬੀੜੇ ਪਾਨਾਂ ਦੇ, ਨਾਲੀਏਰ, ਅਉਰ ਜਤਾ ਸਕਤਿ ਭੇਟ ਰਖੇ। ..... ਫੇਰਿ ਬਾਲਕ ਨੂੰ ਮਾਤਾ ਦੀ ਗੋਦ ਚੋਂ ਲੈ ਕੇ ਪੜਦੇ ਤੇ ਬਾਹਰਿ ਕਰੇ; ਕਪੜੇ ਹਥਿਆਰੁ ਸਮੇਤ। ਅਰੁ ਕੰਨ ਛੇਦੇ, ਦੁਰ ਪਾਏ—ਸੁਇਨੇ ਕੇ ਅਥਵਾ ਰੁਪੈ ਕੇ ਦੁਰ (ਬੁੰਦੇ ਅਥਵਾ ਨਤੀਆਂ) ਸੋ ਕੰਨ ਛੇਦਿ ਪਾਇ... [ਨੱਕ ਕੰਨ ਛੇਦਣੇ ਅਤੇ ਗਹਿਣੇ ਪਾਉਣੇ ਸਿਖ ਧਰਮ ਵਿਰੋਧੀ ਮਰਯਾਦਾ ਹੈ। ਅੰਮ੍ਰਿਤ ਪਾਨ ਕਰਾਣ ਵੇਲੇ ਇਹੋ ਜਿਹੇ ਗਹਿਣੇ ਅਜ ਵੀ ਲੁਹਾ ਦਿਤੇ ਜਾਂਦੇ ਹਨ ਅਤੇ ਕੋਈ ਵੀ ਨੱਕ ਕੰਨ ਛੇਕਿਆ ਸਜਣ ਅੰਮ੍ਰਿਤ ਪ੍ਰਚਾਰਕਾਂ (ਪੰਜਾਂ ਪਿਆਰਿਆਂ) ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ।]

ਪੰਨਾ ੨੫ :—ਪੁਤਰੀ ਕੇ ਜਨਮ ਕੀ ਬਿਧਿ—

ਪਾਹੁਲ ਖੰਡੇ ਕਾ ਦੇਵੇ, ਨਾਮ ਰਖੇ "ਦੇਵੀ" ਨਾਮਾ॥ ਨੱਕ, ਕੰਨ ਛੇਦੇ ॥੫॥

(ਸਿਖ ਧਰਮ ਵਿਚ ਕੁੜੀਆਂ ਦੇ ਨਾਉਂ "ਕੌਰ" ਸ਼ਬਦ ਨਾਲ ਰਖੇ ਜਾਂਦੇ ਹਨ, "ਦੇਵੀ" ਨਾਲ ਨਹੀਂ।)

ਪੰਨਾ ੨੮ :—ਸ਼ਾਦੀ ਸੰਬੰਧੀ ਲਿਖਿਆ ਹੈ—

ਅਰੁ ਪਹਰ ਰਾਤਿ ਰਹੰਦੀ ਅੰਮ੍ਰਿਤ ਵੇਲੇ ਸੰਜੋਗ ਬਿਧੀ ਕਰੀਐ। ਪਹਲੇ ਤਾਂ ਜਿਮੀਨ ਉਪਰਿ ਮਿਟੀ ਕਾ ਪੋਚਾ ਦੇਇ। ਤਿਸ ਦੇ ਮੱਧਿ ਸਵਾ ਗਜ ਲੰਬਾ, ਪਾਉ ਗਜ ਚੌੜਾ, ਪਾਉ ਗਜ ਡੂੰਘਾ ਟੋਵਾ ਦੇਵੇ। ਅਰੁ ਦੁਇ ਚਉਕੀਆਂ ਕਾਠ ਦੀਆਂ ਲੈ ਆਵੇ। ਇਕ ਚਉਕੀ ਦੱਖਣਿ ਦਿਸ਼ਾ ਵਲ, ਅਰੁ ਇਕ ਉਤ੍ਰ ਦਿਸ਼ਾ ਵਲਿ ਰਖੇ। ਵਿਚਿ ਦੁਹਾਂ ਚਉਕੀਆਂ ਕੇ ਉਹ ਟੋਆ ਹੋਵੈ ॥੨॥......

ਪੰਨਾ ੨੯ :—ਚਤੁਰਥ ਬਚਨ ਲੜਕੇ ਕੀ ਬਿਧੀ—

ਲੜਕੇ ਕਉ ਚਾਰ ਦਿਨ ਅਗੇ ਸੰਜੋਗ ਕੇ, ਮਾਸ ਕਾ ਅਹਾਰ ਦੇਵੇ—ਬਕਰੇ ਕਾ—ਗੇਹੂੰ ਕੇ ਫੁਲਕੇ ਸਾਥ, ਮਧਿਆਨ (ਦੁਪਹਿਰ) ਦਿਨ ਮੋ। ਰਾਤਿ ਕਉ ਦੁੱਧ ਜੇਤਾ ਕੁ ਪਚੇ, ਪਿਲਾਵੈ। ਅਤੇ ਪਾਨ, ਜਾਇਫ਼ਲ, ਜਾਵਿਤ੍ਰੀ, ਲੌਂਗ, ਮੁਸ਼ਕ, ਲਾਇਚੀ ਛੋਟੀ ਡਾਲ ਕੇ ਬੀੜੇ ਅੰਦਰਿ; ਦਸ ਬੀੜੇ ਖਿਲਾਵੈ; ਰਾਤਿ ਦਿਨ ਵਿਚਿ ॥੧॥

(ਇਸ ਲਿਖਤ ਰਾਹੀਂ ਵਿਆਹ ਸਮੇਂ ਹਿੰਦੂ ਰੀਤੀ ਹੀ ਸਿਖਾਂ ਵਿਚ ਪ੍ਰਚਲਤ ਰਖਣ ਦਾ ਯਤਨ ਕੀਤਾ ਗਿਆ ਹੈ ਅਤੇ ਲੜਕੇ ਲਈ ਮਾਸ ਤੇ ਪਾਨ ਆਦਿ ਖਾਣਾ ਜ਼ਰੂਰੀ ਦਸਿਆ ਹੈ। ਵਿਆਹ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦੀ ਬਜਾਏ ਹਵਨ ਕੁੰਡ (ਟੋਆ) ਰਾਹੀਂ ਹੀ ਕਰਨਾ ਦਰਸਾਇਆ ਹੈ। ਇਹ ਸਭ ਬ੍ਰਾਹਮਣੀ ਰਿਵਾਜ ਹੈ।)

ਪੰਨਾ ੩੧ :—ਦਿਨ ਨੂੰ ਅਗੇ ਹੀ ਭੋਜਨ ਮਾਸ ਕਾ ਮਸਾਲਿਆਂ ਨਾਲ ਕਰੇ। ਅਰੁ ਬੀੜੇ ਮਸਾਲਿਆਂ ਆਲੇ ਚਬੇ ॥੧੦॥

ਅਰੁ ਜਉਨ ਜਗਹ ਗਭਰੂ ਕੀ ਬੈਠਨੇ ਕੀ ਸਾਹੁਰੇ ਕੇ ਲੋਕ ਮੁਕੱਰਰ ਕਰਨਿ, ਉਥੇ ਸਭ ਜਾਇ ਬੈਠਨਿ, ਅਨੰਦ ਸ਼ਬਦ ਬਾਣੀ ਗਾਵਨਿ, ਇਕ ਸੁਣਨਿ ॥੧੫॥

ਅਰ ਜਿਥੇ ਗਭਰੂ ਬੈਠੇ, ਉਥੇ ਅਗਰ ਖੁਸ਼ਬੂਈ ਦੀ ਧੂਪ ਦੇਂਦੇ ਰਹਿਨ ॥੧੬॥

ਗਭਰੂ ਮਸਾਲਿਆਂ ਨਾਲਿ ਬੀੜੇ ਚਬਾਵੰਦਾ ਰਹੇ। ਸ਼ਬਦ ਸੁਨਤਾ ਰਹੈ। ਤਾਂ ਇਸ ਦੇ ਸਭ ਮਨੋਰਥ ਰਾਸ ਹੋਵਨਿ ॥੧੭॥੪॥

(ਸੰਗਤ ਵਿਚ ਬੈਠ ਕੇ ਪਾਨ ਖਾਣ ਦੀ ਪ੍ਰੇਰਨਾ ਹੈ।)

ਪੰਨਾ ੩੪ :—ਅਨੰਦ ਕਾਰਜ ਦੀ ਵਿਧੀ—

ਫੇਰਿ ਬੈਸੰਤ੍ਰ, ਪਲਾਸ ਕੀ ਲਕੜੀ ਨਾਲਿ, ਉਸ ਟੋਏ ਵਿਚਿ ਪ੍ਰਚੰਡ ਕਰੇ, ਘਿਓ ਨਾਲਿ। ਅਰੁ ਕਹੈ—

ਏ ਬੈਸੰਤ੍ਰ ਦੇਵਤਾ ! ਏ ਸ੍ਰੀ ਭਗਉਤੀ ਜੀ ! ਏ ਸ੍ਰੀ ਖਾਲਸਾ ਜੀ ! ਸ੍ਰੀ ਗੁਰੂ ਅਕਾਲ ਪੁਰਖ ਦੀ ਆਗਿਆ ਸੋਂ, ਅਮਕੇ ਕੀ ਪੁਤ੍ਰੀ, ਅਮਕੇ ਦੀ ਪੋਤ੍ਰੀ, ਅਮਕਾ ਨਾਮ, ਅਮਕਾ ਰੰਗ ਬਰਨ; ਅਮਕੇ ਕੇ ਪੁਤ੍ਰ ਪੋਤ੍ਰੇ...॥੧੫॥

(ਪੂਰਨ ਤੌਰ ਤੇ "ਬਿਪ੍ਰਨ ਕੀ ਰੀਤੀ" ਅਪਨਾਣ ਦੀ ਰਹੱਸਕ ਪ੍ਰੇਰਨਾ ਹੈ, ਜਿਸਨੂੰ ਸਤਿਗੁਰੂ ਜੀ ਨੇ ਆਪ ਖੰਡਨ ਕੀਤਾ ਹੈ।)



www.AKJ.Org

ਪੰਨਾ ੩੯ :—ਅਸ਼ਟਮ ਬਚਨ ਸੁਹਾਗ ਰਾਤਿ ਕੀ ਬਿਧੀ—

ਬੁਰਕਾ ਟੋਪੀ ਪਰਾਂਦਾਰ ਹੋਵੈ । ਅੱਗੇ ਮੂੰਹ ਦੇ ਜਾਲੀਦਾਰ ਹੋਵੈ, ਐਸੀ ਤਰਹ ਹੋਵੈ: ਅੱਗੇ ਤੇ ਜਬ ਚਾਹੀਐ ਜਾਲੀ ਡਾਰਿ ਦੀਜੈ, ਪਰਦਾ ਹੋਵੈ । ਜਬ ਚਾਹੀਐ ਜਾਲੀ ਉਠਾਇ ਦੀਜੈ, ਮੂਹੁ ਖੁਲ੍ਹੈ । ਇਸ ਤਰਹ ਕਾ ਬੁਰਕਾ ਹੋਵੈ । ਅਗੇ ਤੇ ਜਿਉਂ ਹੁੰਦਾ ਹੈ, ਤਿਉਂ ਹੀ ਹੋਵੇ ।

(ਸਿਖ ਲਈ ਟੋਪੀ ਪਾਣਾ ਸਖਤ ਮਨ੍ਹਾ ਹੈ, ਪਰ ਇਹ ਤਾਂ ਇਸਤ੍ਰੀ ਨੂੰ ਵੀ ਟੋਪੀਦਾਰ ਬੁਰਕਾ ਪਾਣ ਲਈ ਪ੍ਰੇਰਦਾ ਹੈ ।)

ਪੰਨਾ ੪੦ :—ਅਬ ਸੰਜੋਗ ਕੀ ਬਿਧਿ-ਜੁਗਤਿ—

ਅਰੁ ਪੰਜ ਬੀੜੇ ਅਥਵਾ ਇੱਕੀਸ ਲੌਂਗ, ਹੱਥ ਦਾ ਛੱਲਾ ਉਸ ਇਸਤ੍ਰੀ ਕਾ ਭੇਜੀਐ ॥੩॥ ਅਗੇ ਤੇ ਉਹ ਪੁਰਖ ਨੱਥ, ਮੌਲੀ, ਮਹਿੰਦੀ ਭੇਜੇ ।

(ਸਾਰਾ ਕੁਝ ਹੀ ਗੁਰਮਤਿ ਮਰਯਾਦਾ ਦੇ ਉਲਟ ਹੈ ।)

ਪੰਨਾ ੬੭:—ਅਰੁ ਅਮਲ ਕੋਈ ਖਾਏ ਨਾਹੀਂ । ਅਰੁ ਜੋ ਕਦਾਂਚ ਖਾਏ; ਤਾਂ ਇਸ ਤਰਹਿ ਖਾਏ: ਜੋ ਅਫੀਮ ਖਾਏ, ਤਾਂ ਵਡੇ ਮੂੰਗ ਬਰਾਬਰ, ਅੱਛੀ ਅੱਵਲ ਖਾਏ । ਮਸਾਲਾ ਪਾਇ ਖਾਇ । ਅਰੁ ਜੋ ਮਸਾਲਾ ਨਾ ਹੋਵੈ;ਤਾਂ ਤੀਨ ਮਾਸੇ ਬਿਜੀਆ ਘੋਟਿ ਪੀਵੈ ਸਾਦੀ॥੪॥

ਅੱਮਲੁ ਖਾਣਾ ਮਨੱ ਹੈ......

ਜਬ ਖਾਏ, ਤਾਂ ਯੋਂ ਖਾਏ: ਜਬ ਜਾਣੇ ਕਿ ਦੁਨੀਆ ਕੇ ਬਿਉਹਾਰਾਂ ਤੇ ਫ਼ਾਰਗ ਹੋਇਆ ਹਾਂ; ਅਬ ਕਿਛੁ ਕੰਮ ਨਾਹੀਂ ॥੭॥

ਅਰੁ ਖਾਇ, ਤਾਂ ਛੁਪਾਇਕੇ ਖਾਏ । ਕਿਸੇ ਉਪਰਿ ਜਾਹਰ ਨ ਕਰੇ ॥੮॥

ਭਾਂਗ ਖਾਏ, ਤਾਂ ਅਢਾਈ ਮਾਸਾ ਮਸਾਲੇ ਪਾਇ ਖਾਇ—ਲੌਂਗ, ਮਿਰਚਾਂ, ਜਾਇਫਲ, ਜਾਵਿੱਤ੍ਰੀ, ਕੇਸਰ, ਮੁਸ਼ਕੰਬਰ ਪਾਣਾ । ਇਹ ਐਬ ਨਾਹੀ ॥੯॥

[ਦਾਰੂ (ਸ਼ਰਾਬ) ਪੀਣਾ ਹੋਵੇ ਤਾਂ ਛੁਪਾ ਕੇ ਪੀਵੇ, ਰੋਕ ਨਹੀਂ ਹੈ, ਭੰਗ ਅਫ਼ੀਮ ਚੰਗੀ ਵਧੀਆ ਤੇ ਮਸਾਲੇ ਪਾ ਕੇ ਖਾਇ ।]

ਪੰਨਾ ੧੩੮ :—ਜਿਸ ਪੁਰਖ ਨੇ ਕਿਸੇ ਪੁਰਖ ਦੀ ਇਸਤ੍ਰੀ ਘਰ ਮੈ ਪਾਈ ਹੋਇ ਅਪਨੀ ਇਸਤ੍ਰੀ ਬਦਲੇ ਉਸ ਪੁਰਖ ਕਉ ਦੇਇ ॥ ਜੇਤੇ ਦਿਨ ਵਹੁ ਰਖੈ ਇਸ ਕੀ ਇਸਤ੍ਰੀ ਕਉ, ਉਤਨੇ ਦਿਨ ਵਹੁ ਰਖੇ । ਅਰੁ ਜੇ ਬਦ ਕਰਮ ਕਰਕੇ ਛੋਡ ਦੇਇ, ਅਰੁ ਜਾਹਰ ਹੋਇ, ਤਬ ਉਸ ਕੀ ਇਸਤ੍ਰੀ ਕਉ ਭੀ ਉਸੀ ਤਰਹਿ ਉਸ ਕੇ ਹਵਾਲੇ ਕਰੈ । ਜਿਸ ਕੀ ਇਸਤ੍ਰੀ ਸਾਥ ਬਦੀ ਕੀਈ ਹੋਇ '..੬॥

(ਸਪੱਸ਼ਟ ਤੌਰ ਤੇ ਪਰ-ਨਾਰੀ ਨਾਲ ਵਿਭਚਾਰ ਕਰਨ ਦੀ ਪ੍ਰੇਰਨਾ ਹੈ ।)

ਪੰਨਾ ੧੩੯ :—ਜੇ ਕੋਈ ਇਸਤ੍ਰੀ ਯਾ ਪੁਰਖੁ ਰਹਿ ਨ ਸਕੈ, ਅਪਨੇ ਜਤ ਸਤ ਮੈ, ਪਰ ਸੰਜੋਗ ਕਰੈ, ਭਾਵੇਂ ਕੋਈ ਜਾਤਿ ਹੋਵੈ, ਭਾਵੇਂ ਦਾਸੀ ਹੋਵੈ, ਐਬੁ ਨਾਹੀਂ ॥ ੧੦॥੧੧॥ (ਪਰ ਇਸਤ੍ਰੀ ਭੋਗ ਜਾਂ ਪਰ-ਪੁਰਖ ਗਮਨ ਗੁਰਮਤਿ ਦੇ ਸਖਤ ਵਿਰੁਧ ਹੈ, ਫਿਰ ਜਾਤ ਕੁਜਾਤ ਵੇਖਣ ਦੀ ਵੀ ਲੋੜ ਨਾ ਲਿਖ ਕੇ ਵਿਭਚਾਰ ਨੂੰ ਹੋਰ ਸ਼ਹਿ ਦਿਤੀ ਜਾ ਰਹੀ ਹੈ ।)

ਪੰਨਾ ੧੨੧ :—ਅਰ ਏਕ ਹੀ ਇਸਤ੍ਰੀ ਕਰੈਂ ॥ ਅਥਵਾ ਜੋ ਜਾਨੈ ਮੇਰੀ ਤਬੀਅਤ ਮਾਫਕ ਨਾਹੀਂ । ਤਉ ਜ਼ਰੂਰਤ ਜਾਨ ਕੈ ਅਪਨੇ ਬਰਾਬਰ ਕੇ, ਅਉਰ ਸੰਜੋਗ ਕਰੈ । ਅਕੈ ਔਲਾਦ ਪੁਤ੍ਰ ਕਰਿ ਨ ਹੋਤੀ ਹੋਵੈ, ਤਬ ਸੰਜੋਗ ਕਰੈ । ਸਤ ਇਸਤ੍ਰੀਆਂ ਤਕ...।

("ਏਕਾ ਨਾਰੀ ਜਤੀ ਹੋਇ" ਦੀ ਸਿੱਧੀ ਵਿਰੋਧਤਾ ਹੈ ਅਤੇ ਔਲਾਦ ਲਈ ਸਤ ਇਸਤ੍ਰੀਆਂ ਕੋਲ ਅਤੇ ਇਸਤ੍ਰੀ ਸਤ ਮਰਦਾਂ ਕੋਲ—ਬਿਲਕੁਲ ਪਸ਼ੂ ਕਰਮ ਹੈ, ਮਨੁਖ ਕਰਮ ਨਹੀਂ ਹੈ ।)

ਪੰਨਾ ੧੦੫ :—ਮਹਾਰਾਜੇ ਕੋ ਚਾਹੀਏ...।

ਅਰੁ ਪਾਤਰ ਰਖੈ, ਜੈਸੀ ਇੰਦ੍ਰ ਕੀਆਂ ਮੋਹਨੀਆਂ ਹੋਤੀ ਹੈ ।

ਪੰਨਾ ੧੦੮ :—ਅਰੁ ਵੇਸਵਾ-ਵਾੜਾ ਮੁਕੱਰਰ ਕਰੈ ॥

ਇਹ ਕੁਝ-ਇਕ ਵੰਨਗੀਆਂ ਹਨ ਇਸ ਪ੍ਰੇਮ ਸੁਮਾਰਗ ਗ੍ਰੰਥ ਦੀਆਂ, ਜਿਸਨੂੰ "ਸ੍ਰੀ ਮੁਖਵਾਕ ਪਾਤਿ-ਸ਼ਾਹੀ ੧੦" ਦਰਸਾਇਆ ਗਿਆ ਹੈ । ਇਸ ਵਿਚ ਖੁਲ੍ਹੇ ਤੌਰ ਤੇ ਪਰ-ਇਸਤ੍ਰੀ ਗਮਨ, ਹਰ ਪ੍ਰਕਾਰ ਦੇ ਨਸ਼ੇ ਭੋਗਣ ਤੇ ਵਿਭਚਾਰ ਕਰਨ ਦੀ ਖੁਲ੍ਹ ਹੈ । ਹਰ



www.AKJ.Org

ਪ੍ਰਕਾਰ ਦਾ ਨਸ਼ਾ, ਪਾਨ, ਭੰਗ, ਅਫ਼ੀਮ, ਦਾਰੂ ਆਦਿ ਦੀ ਆਗਿਆ ਹੈ। ਇਹ ਸਭੋ ਕੁਝ ਹੀ ਗੁਰਮਤਿ ਅਤੇ ਦਸਮੇਸ਼ ਪਿਤਾ ਜੀ ਦੇ ਉਪਦੇਸ਼ਾਂ ਦੇ ਵਿਰੁਧ ਹੈ।

ਇਸੇ ਪੁਸਤਕ ਦੇ ਪ੍ਰਚਾਰ ਕਾਰਨ ਵੇਦੀ ਦੇ ਵਿਆਹ ਜਿਹੜੇ ਕੁਝ ਚਿਰ ਬੰਦ ਰਹੇ ਸਨ, ਫਿਰ ਤੋਂ ਅਰੰਭ ਹੋ ਗਏ ਤੇ ਸਿੰਘ ਸਭਾ ਲਹਿਰ ਤੀਕ ਪ੍ਰਚਲਤ ਰਹੇ।

ਇਸੇ ਪੁਸਤਕ ਨੇ ਹੀ ਮਾਸ ਨੂੰ ਸਭ ਤੋਂ ਪਹਿਲਾਂ "ਮਹਾਂ ਪ੍ਰਸ਼ਾਦ" ਦਾ ਨਾਉਂ ਦਿਤਾ ਅਤੇ "ਕੁੱਠੇ" ਦੇ ਮੁਕਾਬਲੇ ਵਿਚ "ਝਟਕਾ" ਸ਼ਬਦ ਸਿਖ ਸਾਹਿਤ ਵਿਚ ਲਿਆਂਦਾ। ਇਸ ਤੋਂ ਪਹਿਲਾਂ ਮਾਸ ਲਈ ਝਟਕਾ ਤੇ ਮਹਾਂ ਪ੍ਰਸ਼ਾਦ ਕਦੇ ਵੀ ਸਿਖ-ਸਾਹਿਤ ਵਿਚ ਵਰਤਿਆ ਨਹੀਂ ਸੀ ਗਿਆ।

ਇਸੇ ਪੁਸਤਕ ਦੀ ਕਿਰਪਾ ਨਾਲ ਹੀ ਸਿਖਾਂ ਵਿਚ ਮਾਸ, ਸ਼ਰਾਬ, ਵਿਭਚਾਰ, ਇਕ ਤੋਂ ਵਧ ਵਿਆਹ ਅਤੇ ਹੋਰ ਕਈ ਪ੍ਰਕਾਰ ਦੀਆਂ ਕੁਰੀਤੀਆਂ ਫੈਲੀਆਂ। ਜਿਸ ਦਾ ਸਿੱਟਾ ਇਹ ਹੋਇਆ ਕਿ, ਜਿਸ ਪੰਥ ਦੇ ਮਿਟਣ ਦਾ ਖਤਰਾ ਘਲੂਘਾਰਿਆਂ ਵਿਚ ਵੀ ਪੈਦਾ ਨਹੀਂ ਸੀ ਹੋਇਆ, ਜਦੋਂ ਕਿ ਇਕ ਇਕ ਦਿਨ ਵਿਚ ਪੈਂਤੀ ਪੈਂਤੀ ਚਾਲੀ ਚਾਲੀ ਹਜ਼ਾਰ ਤੇ ਪੰਦਰਾਂ ਪੰਦਰਾਂ ਹਜ਼ਾਰ ਸਿੰਘ ਸ਼ਹੀਦ ਕਰ ਦਿਤੇ ਜਾਂਦੇ ਰਹੇ ਅਤੇ ਸਿੰਘਾਂ ਦੇ ਸਿਰਾਂ ਦੇ ਮੁਲ ਪੈਂਦੇ ਸਨ ਤੇ ਸਰਕਾਰੀ ਫੌਜਾਂ ਸਿੰਘਾਂ ਨੂੰ ਢੂੰਡ ਢੂੰਡ ਕੇ ਖਤਮ ਕਰ ਰਹੀਆਂ ਸਨ, ਇਸ ਦਾ ਕਾਰਨ ਕੇਵਲ ਇਹ ਸੀ ਕਿ ਉਦੋਂ ਅਜੇ ਇਸ "ਮਹਾਨ ਗ੍ਰੰਥ" ਦਾ ਪ੍ਰਕਾਸ਼ ਨਹੀਂ ਸੀ ਹੋਇਆ ਅਤੇ ਸਿਖਾਂ ਵਿਚ ਅਜੇ ਇਸ ਦੁਆਰਾ ਫੈਲਾਈਆਂ ਕੁਰੀਤੀਆਂ ਨਹੀਂ ਸਨ ਫੈਲੀਆਂ। ਸਿੰਘਾਂ ਦਾ ਅਹਾਰ ਪਵਿੱਤਰ ਸੀ, ਜਿਸ ਨਾਲ ਵਿਚਾਰ ਪਵਿਤਰ ਸਨ, ਬਿਉਪਾਰ ਪਵਿੱਤਰ ਸੀ, ਆਚਰਨ ਪਵਿਤਰ ਸਨ, ਪਰ ਇਸ ਗ੍ਰੰਥ ਦੇ ਪ੍ਰਚਾਰ ਦੇ ਤਕਰੀਬਨ ਪੰਜਾਹ ਸਾਲ ਦੇ ਅੰਦਰ ਅੰਦਰ ਸਿਖ ਰਾਜ ਦੇ ਖਤਮ ਹੁੰਦੇ ਹੀ ਪੰਥ ਦੇ ਪਤਨ ਦੀਆਂ ਨਿਸ਼ਾਨੀਆਂ ਉਜਾਗਰ ਹੋਣ ਲਗ ਪਈਆਂ, ਜਿਸਨੂੰ ਬਾਬਾ ਦਿਆਲ ਜੀ ਨਿਰੰਕਾਰੀ, ਬਾਬਾ ਰਾਮ ਸਿੰਘ ਜੀ ਨਾਮਧਾਰੀ ਅਤੇ ਸਿੰਘ ਸਭਾ ਲਹਿਰ ਦੇ ਮੋਢੀ ਮਹਾਂ ਪੁਰਸ਼ਾਂ ਨੇ ਸਮੇਂ ਸਿਰ ਠਲ੍ਹ ਪਾਈ।

ਅਜ ਫਿਰ ਪੰਥ ਦੀ ਹਾਲਤ ਜੋ ਨਿਘਰਦੀ ਦਿਸ ਰਹੀ ਹੈ ਤਾਂ ਇਸ ਦਾ ਮੁਖ ਤੇ ਮੂਲ ਕਾਰਨ ਇਹੋ ਹੀ ਹੈ ਕਿ ਅਜ ਫਿਰ ਪੰਥ ਅਹਾਰ-ਭਰਿਸ਼ਟ ਹੋ ਕੇ ਰਹਿ ਗਿਆ ਹੈ, ਜਿਸ ਨਾਲ ਸਾਰਾ ਤਾਣਾ ਬਾਣਾ ਹੀ ਵਿਗੜ ਗਿਆ ਹੈ। ਇਸ ਦੇ ਪੁਨਰ ਨਿਰਮਾਣ ਲਈ ਸਭ ਤੋਂ ਪਹਿਲੀ ਲੋੜ ਹੈ ਪੰਥ ਦੀ ਅਹਾਰ-ਪਵਿਤ੍ਰਤਾ ਦੀ। ਜੇ ਪੰਥ ਚੋਂ ਮਾਸ ਤੇ ਸ਼ਰਾਬ ਦੀ ਕੁਵਾਦੀ ਨੂੰ ਮੁਕਾ ਦਿਤਾ ਜਾ ਸਕੇ ਤਾਂ ਅਧਿਓਂ ਵੱਧ ਮਸਲੇ ਆਪਣੇ ਆਪ ਹੀ ਸੁਲਝ ਜਾਣਗੇ।

---

# ਮੋਗੇ ਵਿਖੇ ਸਲਾਨਾ ਗੁਰਮਤਿ ਸਮਾਗਮ

ਭਾਈ ਕਰਨੈਲ ਸਿੰਘ ਜੀ ਮੈਨੂਫੈਕਚਰਿੰਗ ਕੰਪਨੀ ਚੌਕ ਰਾਮਗੜ੍ਹੀਆ ਮੋਗਾ ਇਤਲਾਹ ਦਿੰਦੇ ਹਨ ਕਿ ਖ਼ਾਲਸਾ ਗਰਲਜ਼ ਹਾਈ ਸਕੂਲ ਮੋਗਾ ਵਿਖੇ ਸਲਾਨਾ ਗੁਰਮਤਿ ਸਮਾਗਮ ਹੋ ਰਹੇ ਹਨ ਜਿਸ ਵਿਚ ਅਖੰਡ ਕੀਰਤਨੀ ਜੱਥੇ ਦੂਰੋਂ ਦੂਰੋਂ ਪੁਜ ਰਹੇ ਹਨ। ੧੯ ਮਾਰਚ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪੈ ਕੇ ਦੁਪਹਿਰ ਤਕ ਅਖੰਡ ਕੀਰਤਨ ਭਾਈ ਕਰਨੈਲ ਸਿੰਘ ਜੀ ਦੇ ਗ੍ਰਹਿ ਵਿਖੇ ਹੋਣਗੇ। ਸ਼ਨੀਵਾਰ 6 ਵਜੇ ਸ਼ਾਮ ਨੂੰ ਅੰਮ੍ਰਿਤ-ਸੰਚਾਰ ਸਮਾਗਮ ਅਰੰਭ ਹੋਣਗੇ ਤੇ ਸੋਦਰ ਤੋਂ ਉਪਰੰਤ ਰੈਣ-ਸਬਾਈ ਕੀਰਤਨ ਅਰੰਭ ਹੋਣਗੇ, ਜਿਸ ਦੇ ਭੋਗ ੨੦ ਮਾਰਚ ਐਤਵਾਰ ਸਵੇਰੇ ਸਤ ਵਜੇ ਪੈਣਗੇ। ਸਮੂਹ ਗੁਰੂ ਕੇ ਪਿਆਰੇ ਹਾਜ਼ਰੀਆਂ ਭਰ ਕੇ ਲਾਭ ਉਠਾਉਣ ਜੀ।

ਦਾਸਰੇ—ਅਖੰਡ ਕੀਰਤਨੀ ਜਥਾ, ਮੋਗਾ।



www.AKJ.Org

# ਭਾਇ ਭਗਤਿ ਗੁਰਪੁਰਬ ਕਰੰਦੇ

[ਵਲੋਂ :—ਸ: ਮਾਲਕ ਸਿੰਘ ਜੀ, ਜੰਮੂ]

ਕੁਰਬਾਨੀ ਤਿਨਾ ਗੁਰਸਿਖਾ, ਭਾਇ ਭਗਤਿ
ਗੁਰਪੁਰਬ ਕਰੰਦੇ''

ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਇਸ ਇਕੱਲੀ ਪੰਕਤੀ ਵਿੱਚ ਗੁਰਸਿਖ ਨੂੰ ਗੁਰਪੁਰਬ ਮਨਾਉਣ ਦੀ ਜਾਚ ਦਰਸਾਈ ਗਈ ਹੈ। ਗੁਰਪੁਰਬ ਮਨਾਉਣ ਦਾ ਢੰਗ ਵਰਣਨ ਕਰਦੇ ਹੋਏ ਸਾਨੂੰ ਚੇਤਾਵਨੀ ਵੀ ਦੇਂਦੇ ਹਨ ਕਿ ਫੋਕਟ ਰਸਮਾਂ ਰਿਵਾਜਾਂ ਨਾਲ ਮਨਾਇਆ ਕੋਈ ਵੀ ਗੁਰਪੁਰਬ ਗੁਰੂ ਸਾਹਿਬਾਂ ਨੂੰ ਪ੍ਰਵਾਨ ਨਹੀਂ ਹੈ ਅਤੇ 'ਭਾਇ ਭਗਤਿ ਗੁਰਪੁਰਬ' ਮਨਾਉਣ ਵਾਲਿਆਂ ਤੋਂ ਭਾਈ ਸਾਹਿਬ ਜੀ ਸਦਕੇ, ਬਲਿਹਾਰਨੇ ਅਤੇ ਵਾਰਨੇ ਜਾਂਦੇ ਹਨ। ਯਥਾ—

ਪਰ ਇਹ ਪੰਕਤੀ ਪੜ੍ਹ ਕੇ ਤੇ ਅਜ ਕਲ ਦੇ ਮਨਾਏ ਜਾ ਰਹੇ ਗੁਰਪੁਰਬਾਂ ਦੇ ਢੰਗ ਦੇਖਣ ਤੇ ਜ਼ਮੀਨ ਅਸਮਾਨ ਦਾ ਅੰਤਰ ਹਰ ਇਕ ਨੂੰ ਸਹਿਜੇ ਹੀ ਅਮਲੀ ਤੌਰ ਤੇ ਮਹਿਸੂਸ ਹੋ ਸਕਦਾ ਹੈ। ਹੁਕਮ ਹੈ ਗੁਰਸਿਖ ਲਈ ਭਾਇ ਭਗਤ ਸਹਿਤ ਗੁਰਪੁਰਬ ਮਨਾਉਣ ਦਾ। ਪਰ ਅਜ ਕਲ ਮਨਾਏ ਜਾ ਰਹੇ ਗੁਰਪੁਰਬ ਲੋਕਾਚਾਰੇ, ਭਾਈਚਾਰੇ, ਖ਼ੁਦਪ੍ਰਸਤੀ, ਫ਼ੈਸ਼ਨਪ੍ਰਸਤੀ, ਅਤੇ ਫੋਕਟ ਦਿਖਾਵੇ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਦਿਸ ਰਹੇ ਹਨ।

"ਗੋਬਿੰਦ ਭਾਉ ਭਗਤਿ ਦਾ ਭੁਖਾ'' ਅਤੇ ਇਸ ਦੇ ਆਸ਼ੇ ਨੂੰ ਮੁਖ ਰਖਦੇ ਹੋਇ "ਭਾਇ ਭਗਤ ਗੁਰਪੁਰਬ ਕਰੰਦੇ'' ਹੀ ਗੁਰਮਤਿ ਅਨੁਸਾਰ ਸੋਭਨੀਕ ਹਨ। ਭਾਉ ਭਗਤੀ ਬਿਹੂਨ ਮਨਾਇਆ ਗੁਰਪੁਰਬ, 'ਗੁਰਪੁਰਬ' ਨਹੀਂ ਕਿਹਾ ਜਾ ਸਕਦਾ। ਭਾਇ ਭਗਤਿ ਤੋਂ ਬਿਨਾਂ ਓਵੇਂ ਹੀ ਹੈ ਜਿਵੇਂ ਅਸੀਂ ਹੋਰ ਤਿਓਹਾਰ ਦਿਵਾਲੀ, ਦੁਸਹਿਰਾ, ਲੋਹੜੀ ਆਦਿ ਮਨਾਂਦੇ ਹਾਂ।

ਗੁਰਪੁਰਬ ਇਹਨਾਂ ਤਿਉਹਾਰਾਂ ਤੋਂ ਬਹੁਤ ਸ੍ਰੇਸ਼ਟ ਅਤੇ ਵਿਲੱਖਣ ਮਹਾਨਤਾ ਰਖਦੇ ਹਨ। ਅਸੀਂ ਗੁਰਪੁਰਬਾਂ ਨੂੰ ਆਮ ਤਿਉਹਾਰ ਨਹੀਂ ਬਣਾਉਣਾ, ਸਗੋਂ 'ਭਾਇ ਭਗਤਿ ਗੁਰਪੁਰਬ' ਦੀ ਪੰਕਤੀ ਤੋਂ ਆਸ਼ਾ ਲੈ ਕੇ ਸਹੀ ਅਰਥਾਂ ਵਿੱਚ ਭਾਉ ਅਤੇ ਭਗਤੀ ਦਾ ਸਬੂਤ ਦੇਣਾ ਹੈ, ਤਾਂਹੀ ਸਾਡਾ ਮਨਾਇਆ ਗੁਰਪੁਰਬ ਸਫਲ ਹੈ, ਨਹੀਂ ਤਾਂ ਉਹ ਹੀ ਲੋਕਾਚਾਰੀ ਵਾਲੀ ਰਸਮ-ਰੀਤ ਬਣ ਕੇ ਰਹਿ ਜਾਏਗਾ।

ਗੁਰਪੁਰਬ ਸ਼ਬਦ ਦੋ ਜੁੜਤ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ—ਗੁਰੂ ਅਤੇ ਪੁਰਬ। ਪੁਰਬ ਤੋਂ ਭਾਵ ਹੈ ਖ਼ਾਸ ਅਵਸਰ, ਖਾਸ ਮੌਕਾ, ਵਿਸ਼ੇਸ਼ ਦਿਨ-ਦਿਹਾੜਾ ਅਥਵਾ ਗੁਰੂ ਕੇ ਜੀਵਨ ਦੇ ਕੁਝ ਖ਼ਾਸ ਖ਼ਾਸ ਅਵਸਰ ਜਾਂਦਿਨ, ਜਿਵੇਂ ਪ੍ਰਕਾਸ ਦਿਵਸ, ਸ਼ਹੀਦੀ ਦਿਵਸ, ਵਿਆਹ ਦਿਵਸ, ਜੋਤੀ ਜੋਤਿ ਸਮਾਉਣ ਦਿਵਸ।

ਭਾਈ ਸਾਹਿਬ ਜੀ ਦੀ ਉਪਰੋਕਤ ਪੰਕਤੀ ਦੇ ਕਥਨ ਮੁਤਾਬਕ ਚਾਹੇ ਕੋਈ ਵੀ ਗੁਰੂ ਜੀ ਦਾ ਦਿਵਸ ਮਨਾਇਆ ਜਾਏ, ਉਸ ਵਿਚ ਕੇਵਲ 'ਭਾਉ' ਅਤੇ 'ਭਗਤੀ' ਹੀ ਮੁਖ ਹੋਣੀ ਚਾਹੀਦੀ ਹੈ। ਗੁਰੂ ਸਾਹਿਬਾਂ ਨੂੰ ਭਾਉ ਅਤੇ ਭਗਤੀ ਹੀ ਭਾਂਵਦੀ ਹੈ।

ਜ਼ਰਾ ਝਾਤ ਮਾਰੀਏ ਅਜ ਕਲ ਮਨਾਏ ਜਾ ਰਹੇ ਗੁਰਪੁਰਬਾਂ ਵਲ। ਜੇਕਰ ਸਾਡੇ ਗੁਰਪੁਰਬ ਭਾਉ-ਭਗਤੀ ਦੀ ਪੂਰਤੀ ਨਹੀਂ ਕਰਦੇ ਤਾਂ ਸਾਨੂੰ ਇਸ ਤ੍ਰੁਟੀ ਵੱਲ ਧਿਆਨ ਦੇ ਕੇ ਸੁਧਾਰ ਕਰਨ ਦੀ ਕੋਸ਼ਸ਼ ਕਰਨੀ ਚਾਹੀਦੀ ਹੈ, ਨਾ ਕਿ ਅਸਲੀਅਤ ਨੂੰ ਭੁਲਾ ਕੇ ਗਲਤ ਢੰਗਾਂ ਦੀ ਨਕਲ ਕਰਨ ਦਾ ਆਦੀ ਬਣ ਜਾਣਾ ਚਾਹੀਦਾ ਹੈ।

ਗੁਰਪੁਪਬਾਂ ਤੋਂ ਪਹਿਲੇ ਹੀ ਵਡੇ ਵਡੇ ਇਸ਼ਤਿਹਾਰਾਂ ਰਾਹੀਂ ਗੁਰਪੁਰਬ ਮਨਾਉਣ ਦਾ ਸਾਰਾ ਪਰੋਗਰਾਮ ਉਲੀਕਿਆ ਪੜਨ ਨੂੰ ਮਿਲਦਾ ਹੈ। ਇਹਨਾਂ ਇਸ਼ਤਿਹਾਰਾਂ ਰਾਹੀਂ ਗ਼ਲਤ ਲੀਹਾਂ ਦਾ ਪਰਚਾਰ ਕੀਤਾ ਹੁੰਦਾ ਹੈ। ਵੰਨਗੀ ਮਾਤ੍ਰ ਕੁਝ-ਕੁ ਦਾ ਜ਼ਿਕਰ ਹੇਠਾਂ ਕੀਤਾ ਜਾ ਰਿਹਾ ਹੈ :—

**(੧) ਨਗਰ ਕੀਰਤਨ ਕਿ ਜਲੂਸ :—**

ਸ਼ਾਇਦ ਹੀ ਕੋਈ ਇਸ਼ਤਿਹਾਰ ਦੇਖਣ ਵਿਚ ਆਏ ਜਿਸ ਤੇ ਨਗਰ ਕੀਰਤਨ ਸ਼ਬਦ ਵਰਤਿਆ ਗਿਆ



www.AKJ.Org

ਹੋਵੇ, ਨਹੀਂ ਤਾਂ ਆਮ ਜਲੂਸ ਹੀ ਲਿਖਿਆ ਮਿਲਦਾ ਹੈ, ਜੋ ਬਿਲਕੁਲ ਗਲਤ ਸੋਧ ਹੈ। ਜਲੂਸ ਦੇ ਅਰਥ ਨੁਮਾਇਸ਼ੀ ਦਿਖਾਵਾ ਹੈ। ਪਰ ਗੁਰਪੁਰਬਾਂ ਦਾ ਸੰਬੰਧ ਨਗਰ ਕੀਰਤਨ ਨਾਲ ਹੈ। ਨਗਰ ਕੀਰਤਨ ਦਾ ਭਾਵ ਹੈ ਸਾਰੇ ਨਗਰ ਦੇ ਮੁਖ ਬਜ਼ਾਰਾਂ ਤੇ ਮਹੱਲਿਆ ਵਿਚ ਘੁੰਮ-ਫਿਰ ਕੇ ਕੀਰਤਨ ਕਰਨਾ। ਨਿਰੋਲ ਧੁਰ-ਦਰਗਾਹੀ ਬਾਣੀ ਦਾ ਹੀ ਸ਼ਬਦੀ ਜਥਿਆਂ ਦੇ ਰੂਪ ਵਿਚ ਕੀਰ-ਤਨ ਕਰਨਾ ਉਚਿਤ ਹੈ। ਇਸ ਵਿੱਚ ਦਿਖਾਵਾ ਨ ਹੋਵੇ। ਸਗੋਂ ਹਰ ਬੰਦਾ ਭਗਤੀ ਅਤੇ ਸਰਧਾ ਵਿੱਚ ਰੰਗਿਆ ਨਜ਼ਰ ਆਵੇ। ਭਾਉ ਅਤੇ ਭਗਤੀ ਸਹਿਤ ਕੀਰਤਨ ਦੀਆਂ ਗੂੰਜਾਂ ਵਿਚ ਰਸ ਭਿੰਨੜਾ ਕੀਰਤਨ ਅਲਾਪਦਾ, ਹਰ ਸ਼ਬਦੀ ਜਥਾ ਬਾਣੀ ਦੇ ਅਣਿਆਲੇ ਤੀਰ ਛਡੇ, ਜੋ ਕਰਨ ਅਤੇ ਸੁਣਨ ਹਾਰਿਆਂ ਦੇ ਹਿਰ-ਦਿਆਂ ਨੂੰ ਕਿਸੇ ਪ੍ਰੇਮ-ਰੰਗਣ ਵਿੱਚ ਰੰਗੀ ਜਾਏ, ਗੁਰੂ ਨਾਨਕ ਦੇਵ ਜੀ ਤੋਂ ਲੈ ਦਸੇ ਪਾਤਸ਼ਾਹੀਆਂ ਹੀ ਗੁਰ-ਬਾਣੀ ਦੇ ਤੀਰਾਂ ਰਾਹੀਂ ਹੀ ਸਜਨ ਠਗ ਵਰਗਿਆਂ ਨੂੰ ਸਹੀ ਸਜਨ ਬਨਾਣ ਦਾ ਕਾਰਨ ਬਣੇ। ਅਧਾਰ ਗੁਰ-ਬਾਣੀ ਹੀ ਸੀ।

ਬਾਬਾ ਨਾਨਕ ਜਦ ਵੀ ਕਿਧਰੇ ਟਿਕਾਣਾ ਕਰਦੇ ਤੇ ਕਿਸੇ ਨੂੰ ਤਾਰਨ ਦਾ ਵਸੀਲਾ ਬਣਾਂਦੇ ਤਾਂ ਭਾਈ ਮਰਦਾਨੇ ਨੂੰ ਕਹਿੰਦੇ ਸਨ, "ਰਬਾਬ ਛੇੜ, ਬਾਣੀ ਆਈ ਹੈ।" ਫਿਰ ਕੀ ਹੁੰਦ ਸੀ ਕਿ ਬਾਬੇ ਦੇ ਮੁਖਾਰ-ਬਿੰਦ ਤੋਂ ਉਚਰੀ ਬਾਣੀ ਕੌਡੇ ਰਾਖਸ਼ ਵਰਗਿਆਂ ਨੂੰ ਦੇਵਤਾ ਬਣਾ ਦੇਂਦੀ, ਵਲੀ ਕੰਧਾਰੀ ਵਰਗਿਆਂ ਦੇ ਹਉਮੈ ਵੱਲ (ਵੱਟ) ਨਿਕਲ ਜਾਂਦੇ, ਬਾਬਰ ਵਰਗੇ ਬਾਦਸ਼ਾਹ ਚਰਨੀਂ ਢਹਿ ਪੈਂਦੇ। ਇਹ ਸੀ ਗੁਰਬਾਣੀ ਦੀ ਪਾਰਸ ਕਲਾ, ਇਹ ਸੀ ਗੁਰਬਾਣੀ ਦਾ ਜਾਦੂ ਵਰਗਾ ਅਸਰ, ਜਿਸਨੂੰ ਆਮ ਲੁਕਾਈ ਨੇ ਕਬੂਲਿਆ।

ਪੁਰਾਤਨ ਸਮੇ ਤੋਂ ਇਸੇ ਗੁਰਬਾਣੀ ਦੀ ਪਾਰਸ ਕਲਾ ਨੂੰ ਮੁਖ ਰਖਦੇ ਹੋਏ ਨਗਰ ਕੀਰਤਨ ਅਰੰਭ ਕੀਤੇ ਗਏ ਸਨ। ਗੁਰੂ ਸਾਹਿਬਾਂ ਦੇ ਸਮੇਂ ਦੂਰ ਦੁਰਾਡਿਓਂ ਤੇ ਨੇੜੇ ਤੇੜੇ ਦੇ ਨਗਰਾਂ ਚੋਂ ਗੁਰਸਿਖ ਖਾਸ ਖਾਸ ਦਿਨਾਂ ਤੇ ਪੈਦਲ ਅਤੇ ਗਡਿਆਂ ਤੇ ਚਿਮਟੇ, ਢੋਲਕਾਂ ਆਦਿ ਸਾਜ਼ਾਂ ਸਮੇਤ ਕੀਰਤਨ ਕਰਦੇ ਚਾਵਾਂ ਮਲ੍ਹਾਰਾਂ ਵਿਚ ਗੁਰੂ ਦਰਬਾਰ ਹਾਜ਼ਰ ਹੁੰਦੇ ਸਨ। ਸਾਰੇ ਰਸਤੇ ਕੀਰਤਨ ਕਰਦੇ ਆਉਂਦੇ, ਬਾਣੀ ਪੜ੍ਹਦੇ ਆਉਂਦੇ। ਇਹ ਸੀ ਸਹੀ ਭਾਉ ਭਗਤੀ ਦਾ ਤਰੀਕਾ। ਇਹ ਨਗਰ ਕੀਰਤਨ ਦਾ ਧੁਰਾ ਗੁਰੂ ਸਾਹਿਬਾਂ ਦੇ ਸਮੇਂ ਤੋਂ ਹੀ ਚਾਲੂ ਹੋ ਚੁਕਿਆ ਸੀ। ਉਨ੍ਹਾਂ ਨਗਰ ਕੀਰ-ਤਨਾਂ ਦਾ ਮੁਖ ਆਸ਼ਾ ਭਾਉ ਭਗਤੀ ਹੀ ਹੁੰਦਾ ਸੀ। ਭਗਤੀ ਦੇ ਨਾਲ ਨਾਲ ਆਮ ਜਨਤਾ ਨੂੰ ਬੀਰ ਰਸ ਵਲ ਪ੍ਰੇਰਨ ਲਈ ਦਸਮੇਸ਼ ਪਿਤਾ ਜੀ ਨੇ ਗਤਕਾ, ਨੇਜ਼ਾਬਾਜ਼ੀ, ਅਤੇ ਹੋਰ ਬੀਰ ਰਸ ਦੇ ਸਾਧਨਾਂ ਨੂੰ ਨਗਰ ਕੀਰਤਨ ਵਿੱਚ ਸ਼ਾਮਲ ਕੀਤਾ। ਗੁਰ-ਚਰਨਾਂ ਦੇ ਭੌਰੇ ਤੇ ਸ਼ਬਦ ਦੇ ਆਸ਼ਕ, ਇਹ ਬੀਰ-ਰਸੀ ਖੇਡਾਂ ਭਾਉ ਭਗਤੀ ਦੇ ਅਨੰਦ-ਹੁਲਾਸ ਵਿਚ ਹੀ ਖੇਡਦੇ ਸਨ। ਉਹ ਖੇਡਾਂ ਅਜ ਕਲ ਦੀ ਹਉਮੈ ਦੀ ਖਰਮਸਤੀ ਦੀਆਂ ਖੇਡਾਂ ਖੇਡਣ ਵਾਂਗ ਨਹੀਂ ਸਨ ਖੇਡੀਆਂ ਜਾਂਦੀਆਂ।

ਦਸਮ ਪਾਤਸ਼ਾਹ ਨੇ ਇਹ ਸੂਰਬੀਰਤਾ ਦੇ ਕਰਤਵ ਆਮ ਜਨਤਾ ਵਿਚ ਇਕ ਨਵੀਂ ਸਪਿਰਟ ਭਰਨ ਦਾ ਵਸੀਲਾ ਬਣਾਏ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਬੁਜ਼ਦਿਲ, ਕਮਜ਼ੋਰ ਤੇ ਨੀਚ ਜਾਤਿ ਵਾਲਿਆਂ ਵਿਚ ਮੈਦਾਨੇ ਜੰਗ ਅੰਦਰ ਜੂਝਣ ਦੀ ਜੁਰੱਤ ਆ ਗਈ। 'ਗਿਦੜ' ਸ਼ੇਰ ਬਣ ਗਏ। ਗਤਕਾ ਪਾਰਟੀਆਂ ਦੇ ਯੋਧੇ ਜਿਥੇ ਆਪਣੇ ਹੁਨਰ ਦਿਖਾਂਦੇ ਸਨ ਉਥੇ ਉਹ ਨਾਲ ਨਾਲ ਜੋਧਿਆਂ ਦੀਆਂ ਵਾਰਾਂ ਗਾਇਨ ਕਰਦੇ, ਭਾਉ ਭਗਤਿ ਵਿਚ ਵੀ ਰੰਗੀਜੇ ਨਜ਼ਰ ਆਂਦੇ ਸਨ। ਨਗਰ ਕੀਰਤਨ ਵਿਚ ਮੁਖ ਵਿਸ਼ਾ ਕੀਰਤਨ ਤੇ ਗੁਰਬਾਣੀ ਦਾ ਗਾਇਣ ਹੀ ਹੁੰਦਾ ਸੀ, ਪਰ ਨਾਲ ਨਾਲ ਬੀਰ-ਰਸੀ ਨਜ਼ਾਰੇ ਗਤਕਾ, ਨੇਜ਼ਾਬਾਜ਼ੀ ਅਤੇ ਸ੍ਰੀ ਸਾਹਿਬ ਦੇ ਕਰਤਵ ਆਦਿ ਹੁੰਦੇ ਸਨ। ਜਿਥੇ ਸੰਗਤਾਂ ਆਪ ਵਿਸਮਾਦ ਰਸ ਵਿਚ ਗੜੂੰਦ ਹੋਈਆਂ ਦਿਸਦੀਆਂ ਸਨ ਓਥੇ ਪੇਖਣ ਸੁਣਨਹਾਰੇ, ਸਰੋਤੇ ਜਨ ਵੀ ਇਸ ਗੁਰਬਾਣੀ ਦੀ ਪਾਰਸਕਲਾ ਤੋਂ ਪਸੀਜ ਜਾਂਦੇ ਸਨ। ਇਹ ਹੈ ਸਾਡੇ ਸਹੀ ਨਗਰ-ਕੀਰਤਨ ਦੀ ਰੂਪ-ਰੇਖਾ, ਜੋ ਭਾਈ ਗੁਰਦਾਸ ਜੀ ਦੀ ਪੰਕਤੀ ਰਾਹੀਂ ਦਰਸਾਈ ਤੇ ਸਿਖਾਈ ਗਈ ਹੈ।



www.AKJ.Org

ਅਜ ਕਲ ਨਗਰ ਕੀਰਤਨ ਦੀ ਥਾਂ ਜਲੂਸ ਨੇ ਮਲ ਲਈ ਹੈ। ਜਲੂਸ ਤੋਂ ਭਾਵ ਹੈ ਦਿਖਾਵਾ ਜਾਂ ਮਸ਼ਹੂਰੀ। ਇਹ ਸ਼ਬਦ ਭਲਾ ਆਨ-ਮਿਤਾਂ ਵਾਲੇ ਤਾਂ ਭਾਵੇਂ ਵਰਤਣ, ਪਰ ਸਿੰਘਾਂ ਨੂੰ ਕੀ ਲੋੜ ਪਈ ਹੈ ਕਿ ਨਗਰ ਕੀਰਤਨ ਵਰਗੇ ਸ਼ਬਦ ਨੂੰ ਛੱਡ ਕੇ ਜਲੂਸ ਸ਼ਬਦ ਨੂੰ ਵਰਤਣ।

ਜੇਕਰ ਬਰੀਕੀ ਨਾਲ ਵਿਚਾਰਿਆ ਜਾਏ ਤਾਂ ਇਹ ਵੀ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦਰਅਸਲ ਅਸੀਂ ਨਗਰ ਕੀਰਤਨ ਨੂੰ ਜਲੂਸ ਹੀ ਬਣਾ ਛਡਿਆ ਹੈ, ਕੋਈ ਭਾਉ ਭਗਤੀ ਨਜ਼ਰ ਨਹੀਂ ਆਂਦੀ। ਸਾਰੇ ਜਲੂਸ ਵਿੱਚ ਇਕ ਦੋ ਨਾਂ-ਮਾਤਰ ਕੀਰਤਨੀ ਜਥਿਆਂ ਅਤੇ ਇਕ ਦੋ ਗਤਕਾ ਪਾਰਟੀਆਂ ਤੋਂ ਸਿਵਾਏ ਹੋਰ ਸਭ ਫ਼ੈਸ਼ਨਪ੍ਰਸਤੀ ਅਤੇ ਫੋਕਟ ਦਿਖਾਵਾ ਹੀ ਹੁੰਦਾ ਹੈ। ਕਈ ਬੈਂਡ ਵਾਜਿਆਂ ਦੇ ਸੈਟ, ਕਈ ਅਨਮਤਾਂ ਦੀਆਂ ਡਰੈਸਾਂ ਵਿਚ ਸਕੂਲਾਂ ਦੇ ਬੱਚੇ ਤੇ ਬੱਚੀਆਂ ਦੀਆਂ ਲੰਬੀਆਂ ਕਤਾਰਾਂ, ਹਾਸ ਰਸ ਦੇ ਸਾਜ਼ ਸਮਾਨ, ਭੰਗੜੇ ਪਾਰਟੀਆਂ ਆਦਿ ਹੀ ਦੇਖਣ ਵਿੱਚ ਆ ਰਹੇ ਹਨ। ਭਾਉ-ਭਗਤੀ ਦਾ ਨਾਮੋ ਨਿਸ਼ਾਨ ਨਹੀਂ ਹੁੰਦਾ। ਸ਼ਾਇਦ ਹੀ ਕੋਈ ਨਗਰ ਕੀਰਤਨ ਹੋਏ, ਜਿਥੇ ਸਕੂਲ ਦੇ ਬੱਚੇ ਬੱਚੀਆਂ ਨੂੰ ਗੁਰਮਤਿ ਪਹਿਰਾਵੇ (ਪੰਜ ਕਕਾਰੀ ਰਹਿਤ ਬਹਿਤ) ਵਿਚ ਨਗਰ ਕੀਰਤਨ ਵਿਚ ਸ਼ਾਮਲ ਕੀਤਾ ਹੋਵੇ। ਨਹੀਂ ਤਾਂ ਓਹੀ ਕੋਝੇ ਲਿਬਾਸ ਹੀ ਦੇਖਣ ਵਿਚ ਮਿਲਦੇ ਹਨ।

ਕੀ ਇਹ ਆਸ ਰਖੀ ਜਾ ਸਕਦੀ ਹੈ ਕਿ ਸਾਡੇ ਇਹ ਬੱਚੇ ਵਡੇ ਹੋ ਕੇ ਗੁਰਮਤਿ ਦੀ ਸਹੀ ਸੇਧ ਦੇ ਸਕਣਗੇ ? ਕੀ ਇਹ ਬੱਚੇ ਪ੍ਰਬੰਧਕ ਬਣ ਕੇ ਇਹੋ ਕੁਝ ਨਹੀਂ ਕਰਨਗੇ ? ਐਸੀ ਹਾਲਤ ਵਿਚ ਇਨ੍ਹਾਂ ਤੋਂ ਗੁਰਮਤਿ ਦੀਆਂ ਸੇਧਾਂ ਦੀ ਆਸ ਰਖਣੀ ਇਕ ਭੁਲ ਹੈ। ਗੁਰ-ਪੁਰਬਾਂ ਦੇ ਨਗਰ ਕੀਰਤਨਾਂ ਸਮੇਂ ਬੱਚੇ, ਬੱਚੀਆਂ, ਬੀਬੀਆਂ ਨੌਜਵਾਨ, ਬਜ਼ੁਰਗ, ਸਾਰੇ ਹੀ ਨਿਰੋਲ ਗੁਰਬਾਣੀ ਦੀਆਂ ਕੀਰਤਨ -ਗੁੰਜਾਰਾਂ ਗੁੰਜਾਉਂਦੇ ਹੀ ਸ਼ੋਭਦੇ ਹਨ। ਤਾਂ ਹੀ ਭਾਈ ਸਾਹਿਬ ਜੀ ਦੀ ਪੰਕਤੀ ਦੇ ਕਥਨ ਮੁਤਾ-ਬਕ ਸਾਡਾ ਗੁਰਪੁਰਬ ਮਨਾਇਆ ਸਫਲ ਹੈ।

(੨) ਕੀਰਤਨ ਪ੍ਰੋਗਰਾਮ, ਵਖਿਆਨ ਤੇ ਕਵੀ ਦਰਬਾਰ :—ਗੁਰਪੁਰਬ ਵਾਲੇ ਦਿਨ ਸਵੇਰ ਤੋਂ ਲੈ ਕੇ ਦੁਪਹਿਰ ਤਕ ਅਤੇ ਫਿਰ ਸੋਦਰ ਤੋਂ ਲੈ ਕੇ ਰਾਤ ਇਕ ਵਜੇ ਤਕ ਕੀਰਤਨ, ਵਖਿਆਨਾਂ ਤੇ ਕਵੀ ਦਰਬਾਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਆਮ ਕਰ ਕੇ ਦੇਖਣ ਵਿਚ ਆ ਰਿਹਾ ਹੈ ਕਿ ਇਹ ਪ੍ਰੋਗਰਾਮ ਸਹੀ ਅਰਥਾਂ ਵਿਚ ਦਿਨ ਦੇ ੯-੧੦ ਵਜੇ ਹੀ ਸ਼ੁਰੂ ਕੀਤਾ ਜਾਂਦਾ ਹੈ। ਸੰਗਤਾਂ ਦੀ ਗਹਿਮਾ ਗਹਿਮ ਲੰਗਰ ਦੇ ਸਮੇਂ ਹੁੰਦੀ ਹੈ। ਇਸ ਤੋਂ ਪਹਿਲਾਂ ਆਸਾ ਦੀ ਵਾਰ ਦੇ ਕੀਰਤਨ ਸਮੇਂ ਉਂਗਲਾਂ ਤੇ ਗਿਣਨ ਜੋਗੀ ਹੀ ਗਿਣਤੀ ਹੁੰਦੀ ਹੈ। ਅੰਮ੍ਰਿਤ ਵੇਲੇ ਪਰਬੰਧਕ ਤਾਂ ਸਾਡੇ ਨਾਦਰ ਹੀ ਨਜ਼ਰ ਆਉਂਦੇ ਹਨ। ਪ੍ਰਬੰਧਕ ਵੀ ਇਸੇ ਸਮੇਂ ਬਾਹਰੋਂ ਬੁਲਾਏ ਗਏ ਲੀਡਰਾਂ, ਨੇਤਾਵਾਂ ਤੇ ਪ੍ਰਚਾਰਕਾਂ ਨੂੰ ਟਾਈਮ ਦੇਂਦੇ ਹਨ। ਪਰਬੰਧਕ ਇਨ੍ਹਾਂ ਰਾਜ-ਨੀਤਕ ਲੀਡਰਾਂ ਤੇ ਪਰਚਾਰਕਾਂ ਆਦਿ ਨੂੰ ਪੰਡਾਲ ਦੇ ਪਿਛੋਂ ਦੀ ਹੀ ਸਿਧਾ ਸਟੇਜ ਤੇ ਬੈਠਣ ਦਾ ਪ੍ਰਬੰਧ ਕਰ ਦੇਂਦੇ ਹਨ। ਇਹ ਸਜਨ ਗੁਰੂ ਸਾਹਿਬ ਨੂੰ ਮੱਥਾ ਵੀ ਨਹੀਂ ਟੇਕਦੇ, ਸਿਰ ਤਕ ਨਹੀਂ ਝੁਕਾਂਦੇ। ਅਪਣੇ ਵਿਚਾਰ ਜਾਂ ਸ਼ਰਧਾਂਜਲੀ ਆਦਿ ਵੀ ਹਉਮੈ ਵਿਚ ਹੀ ਭੇਟ ਕਰਦੇ ਹਨ ਅਤੇ ਸਾਡੇ ਪ੍ਰਬੰਧਕ ਜਨ ਉਹਨਾਂ ਦੀ ਵਾਹਵਾ ਕਰਦੇ ਨਹੀਂ ਥਕਦੇ। ਗੁਰੂ ਸਾਹਿਬਾਂ ਦੀ ਹਜ਼ੂਰੀ ਵਿਚ ਹੀ ਕਈ ਤਰ੍ਹਾਂ ਦੀ ਭੇਟਾ, ਸਿਰ ਉਪਾਉ, ਤੇ ਸਿਹਰੇ ਇਹਨਾਂ ਨੂੰ ਪਹਿਨਾਂਦੇ ਹਨ। ਇਹ ਨਿਰੀ ਮਨਮਤਿ ਹੈ ਅਤੇ ਗੁਰੂ ਸਾਹਿਬਾਂ ਦੀ ਬੇਅਦਬੀ ਹੈ। ਇਕ ਓਹੁ ਸਮਾਂ ਸੀ ਜਦ ਰਾਜੇ ਮਹਾਰਾਜੇ ਆਪਣੀਆਂ ਭੇਟਾਵਾਂ ਹਾਜ਼ਰ ਕਰਨ ਲਈ ਗੁਰੂ ਦਰਬਾਰ ਵਿੱਚ ਆਪ ਆਉਂਦੇ ਸਨ, ਆਪਣੀਆਂ ਅਰਜ਼ੋਈਆਂ ਕਰਦੇ ਸਨ ਤੇ ਬੜੀ ਸ਼ਰਧਾ ਨਾਲ ਗੁਰੂ ਘਰ ਤੋਂ ਬਰਕਤਾਂ ਤੇ ਸਹਾਇਤਾ ਮੰਗਦੇ ਸਨ, ਪਰ ਹੁਣ ਇਨ੍ਹਾਂ ਸ਼ਰਧਾ-ਹੀਣਾਂ ਨੂੰ ਗੁਰਪੁਰਬਾਂ ਸਮੇਂ ਉਚੇਚੇ ਸਦਾ-ਪਤਰਾਂ ਰਾਹੀਂ ਬੁਲਾ-ਇਆ ਜਾਂਦਾ ਹੈ। ਪ੍ਰਬੰਧਕ ਜਨ ਕਈ ਕਈ ਮਹੀਨੇ ਪਹਿਲਾਂ ਹੀ ਇਹਨਾਂ ਨੂੰ ਨਿਜੀ ਤੌਰ ਤੇ ਬੇਨਤੀਆਂ ਰਾਹੀਂ ਪੱਕਾ ਕਰਦੇ ਹਨ। ਇਥੇ ਹੀ ਬਸ ਨਹੀਂ,



www.AKJ.Org

ਮਾਇਆ ਦੀਆਂ ਥੈਲੀਆਂ ਭੀ ਭੇਟ ਕੀਤੀਆਂ ਜਾਂਦੀਆਂ ਹਨ, ਬਿਨਾਂ ਮਤਲਬ ਸ੍ਰੀ ਸਾਹਿਬ ਵਰਗੀਆਂ ਮਹਾਨ ਵਸਤਾਂ, ਜਿਨ੍ਹਾਂ ਦਾ ਉਨ੍ਹਾਂ ਨੂੰ ਕੋਈ ਸਤਿਕਾਰ ਨਹੀਂ ਹੁੰਦਾ, ਸਿਰੋਪਾਉ ਵਜੋਂ ਭੇਟ ਕੀਤੀਆਂ ਜਾਂਦੀਆਂ ਹਨ। ਇਹ ਸਭ ਝੋਲੀਚੁਕਾਂ ਦੀਆਂ ਆਪਣੇ ਨਿਜੀ ਸਵਾਰਥਾਂ ਦੀ ਪੂਰਤੀ ਕਰਨ ਦਾ ਹੀ ਬਹਾਨਾ ਹੁੰਦਾ ਹੈ। ਬੁਲਾਰੇ ਭੀ ਪ੍ਰਬੰਧਕਾਂ ਦੀ ਵਾਹ ਵਾਹ ਕਰ ਜਾਂਦੇ ਹਨ ਤੇ ਪ੍ਰਬੰਧਕ ਭੀ ਉਨ੍ਹਾਂ ਦੀ ਤਾਰੀਫ਼ ਕਰਦੇ ਥਕਦੇ ਨਹੀਂ। ਇਥੇ ਹੀ ਬਸ ਨਹੀਂ, ਸ਼ਰਾਬੀਆਂ ਕਬਾਬੀਆਂ ਤੇ ਪਤਿਤ ਕਵੀਆਂ-ਕਵਿਤਰੀਆਂ, ਪ੍ਰਚਾਰਕਾਂ ਆਦਿ ਕੋਲੋਂ ਹਾਸ-ਰਸ ਦੇ ਗੀਤ, ਫਿਲਮੀ ਤਰਜ਼ਾਂ ਆਦਿ ਸੁਣ ਕੇ ਲੁਕਾਈ ਨੂੰ ਖ਼ੁਸ਼ ਕੀਤਾ ਜਾਂਦਾ ਹੈ। ਕੋਈ ਅਮਲੀ ਜੀਵਨ ਨਹੀਂ ਹੁੰਦਾ। ਕਥਨੀ ਹੋਰ, ਕਰਨੀ ਹੋਰ। ਮੁਖੋਂ ਤਾਂ ਸਟੇਜ ਤੇ ਕਵੀ ਕਹਿੰਦਾ ਹੈ, "ਮੈਂ ਅੰਮ੍ਰਿਤ ਹੈ ਪੀਤਾ", ਪਰ ਦਾੜ੍ਹੀ ਦੀ ਸਾਬਤ ਸੂਰਤ ਹੀ ਨਹੀਂ ਹੁੰਦੀ। ਬਸ ਕਿੰਗ ਵਜਾਈ, ਚਾਰ ਟੱਪੇ ਸੁਣਾਏ, ਮਾਇਆ ਬਟੋਰੀ ਤੇ ਚਲਦੇ ਬਣੇ। ਕੀ ਇਹ ਪ੍ਰਚਾਰ ਕੋਈ ਅਮਲੀ ਸਿਖਿਆ ਦੇ ਸਕਦਾ ਹੈ। ਏਹਨਾਂ ਬੁਲਾਰਿਆਂ ਨੂੰ ਹੋਟਲਾਂ ਤੇ ਠਹਿਰਾਇਆ ਜਾਂਦਾ ਹੈ। ਉਨ੍ਹਾਂ ਦੇ ਭੋਜਨ ਅਤੇ ਸ਼ਰਾਬ ਕਬਾਬ ਦੀ ਸਾਰੀ ਮਾਇਆ ਸੰਗਤਾਂ ਦੇ ਫ਼ੰਡ ਚੋਂ ਵਰਤੀ ਜਾਂਦੀ ਹੈ। ਕਿਤਨਾ ਅਨਰਥ ਕਰ ਰਹੇ ਹਨ ਸਾਡੇ ਇਹ ਖ਼ੁਦਗਰਜ਼ ਚੌਧਰੀ ! ਕੀ ਇਸ ਤਰ੍ਹਾਂ ਦੇ ਗੁਰਪੁਰਬ ਮਨਾਇਆਂ ਸਤਿਗੁਰੂ ਰੀਝ ਸਕਦਾ ਹੈ ? ਤੇ ਕੀ ਇਸ ਤਰ੍ਹਾਂ ਕੋਈ ਜੀਵਨ-ਪਲਟਾ ਆ ਸਕਦਾ ਹੈ ? ਇਹ ਨਿਰਾ ਧੋਖਾ ਹੀ ਧੋਖਾ ਹੈ, ਆਪਣੇ ਆਪ ਨਾਲ ਵੀ ਤੇ ਸੰਗਤਾਂ ਨਾਲ ਵੀ।

ਗੁਰਪੁਰਬ ਮਨਾਉਣ ਦਾ ਸਹੀ ਪ੍ਰਯੋਜਨ ਹੈ ਆਪਣੇ ਜੀਵਨ ਨੂੰ ਸੰਵਾਰਨਾ, ਸਤਿਗੁਰਾਂ ਨਾਲ ਪਿਆਰ ਪਾਉਣਾ, ਮਨ ਦੀਆਂ ਵਿਕਾਰੀ ਬ੍ਰਿਤੀ ਤੇ ਕਾਬੂ ਪਾਉਣ ਦਾ ਜਤਨ ਕਰਨਾ ਅਤੇ ਗੁਰਬਾਣੀ ਰਾਹੀਂ ਸਤਿਗੁਰੂ ਦੇ ਦਰਸਾਏ ਮਾਰਗ ਨੂੰ ਅਪਨਾਉਣਾ, ਭਾਵ ਸਤਿਗੁਰਾਂ ਦੇ ਹੁਕਮ ਅਨੁਸਾਰ ਆਪਣਾ ਜੀਵਨ ਢਾਲਣਾ। ਸਤਿਗੁਰਾਂ ਦੇ ਸੁਭਾਗੇ ਪੁਰਬ ਦੀ ਸੋਇ ਸੁਣ ਸੁਣ ਕੇ ਮਨ ਵਿਚ ਚਾਉ ਚਈਲੇ ਉਤਸ਼ਾਹ ਉਮਾਹ ਉਮਡ ਉਮਡ ਪੈਣ—

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ,
ਨਾਮੁ ਜਪੰਦੜੀ ਲਾਲੀ ॥ ਪੰਧਿ ਜੁਲੰਦੜੀ
ਮੇਰਾ ਅੰਦਰੁ ਠੰਢਾ, ਗੁਰ ਦਰਸਨੁ ਦੇਖਿ
ਨਿਹਾਲੀ ॥ (੯੬੪)

ਹਾਂ ਜੀ, ਗੁਰ-ਦਰਸਨਾਂ ਦੀ ਤਾਂਘ ਵਿਚ ਅਜਿਹੀ ਸੋਇ ਤਨ ਮਨ ਨੂੰ ਹਰਿਆ ਕਰ ਦੇਵੇ। ਦਰਸ਼ਨ ਦੇਖਣ ਦੀ ਬੇਕਰਾਰੀ ਵਿਚ ਅਗੰਮੀ ਲੋਰਾਂ ਦੂਣ-ਸਵਾਈਆਂ ਹੋ ਹੋ ਉਪਜਣ। ਦਰਸ਼ਨ ਦੇਖਣ ਦੇ ਚਾਉ ਅਤੇ ਬਿਹਬਲਤਾ ਵਿਚ ਜਿਉਂ ਜਿਉਂ ਗੁਰਪੁਰਬ ਦਿਵਸ ਨੇੜੇ ਨੇੜੇ ਆਵੇ ਤਿਉਂ ਤਿਉਂ ਪ੍ਰੇਮ-ਕਾਂਗਾਂ ਪ੍ਰਬਲ ਹੁੰਦੀਆਂ ਜਾਣ ਅਤੇ ਨਾਮ-ਅਭਿਆਸ ਤਰੰਗਾਂ ਉਮਡ ਉਮਡ ਪੈਣ। ਇਉਂ ਹੀ ਨਦਰਾਲੂ ਸਤਿਗੁਰੂ ਦੀਆਂ ਬਖ਼ਸ਼ਸ਼ਾਂ ਹੁੰਦੀਆਂ ਹਨ। ਗੁਰਮੁਖ ਮਰਜੀਵੜੇ ਇਨ੍ਹਾਂ ਉਮਾਹਿਆਂ, ਪ੍ਰੇਮ ਕਾਂਗਾਂ ਤੇ ਅਚਰਜ ਰੰਗਾਂ ਨੂੰ ਅੰਦਰੇ ਅੰਦਰ ਹੀ ਜਰੀ ਜਾਂਦੇ ਹਨ ਅਤੇ ਆਪਣੇ ਪ੍ਰੀਤਮ ਅਗੇ ਨਿਮਰੀਭੂਤ ਹੋ ਕੇ ਜੋਦੜੀਆਂ ਤੇ ਨਿਮਖ ਨਿਮਖ ਜੁਹਾਰਾਂ ਕਰਦੇ ਥਕਦੇ ਨਹੀਂ। ਸੰਗਤ ਵਿਚ ਜੁੜ ਨਾਮ ਜਪਣਾ "ਆਪਿ ਜਪੈ ਅਵਰਹ ਨਾਮੁ ਜਪਾਵੈ" ਹੀ ਸਚੀ ਕਾਰ ਹੈ। ਇਉਂ ਹੀ ਸਤਿਗੁਰੂ ਰੀਝ ਸਕਦੇ ਹਨ ਅਤੇ ਅੰਦਰਲੇ ਵਿਕਾਰ ਦਗਧ ਹੋ ਕੇ ਅੰਦਰ ਠੰਢ ਵਰਤ ਸਕਦੀ ਹੈ। "ਬਿਨੁ ਸਬਦੈ ਜਗੁ ਬਉਰਾਨੰ" ਦੇ ਹੁਕਮ ਅਨੁਸਾਰ ਸ਼ਬਦ ਤੋਂ ਘੁਸ ਕੇ ਸਾਰਾ ਜਗਤ ਬਉਰਾਨਾ ਹੋਇਆ ਫਿਰ ਰਿਹਾ ਹੈ, ਹਉਮੈ ਵਿਚ ਆਫਰਿਆ ਹੋਇਆ ਦਿਖਾਵੇ ਦੇ ਅਡੰਬਰਾਂ ਵਿਚ ਫਸਿਆ ਪਿਆ ਹੈ।

ਗੁਰਪੁਰਬ ਮਨਾਉਣ ਦੇ ਉਮਾਹਿਆਂ ਵਿਚ ਗੁਰਸਿਖ ਭੌਰਿਆਂ ਦਾ ਅੰਮ੍ਰਿਤ ਵੇਲੇ ਜੁੜ ਬੈਠਣਾ ਅਸਚਰਜ ਰੰਗਾਂ ਦੇ ਖੇੜੇ ਖਿੜਾਉਂਦਾ ਹੈ। "ਪਿਛਲ ਰਾਤੀ ਜਾਗਣਾ ਨਾਮ ਦਾਨ ਇਸਨਾਨ ਦ੍ਰਿੜਾਏ" ਅਨੁਸਾਰ ਗੁਰਸਿਖ ਪਿਛਲ ਰਾਤ ਜਾਗ ਕੇ ਸੋਚ ਇਸ਼ਨਾਨ ਤੋਂ ਵਿਹਲਾ ਹੋ ਕੇ ਨਾਮ-ਅਭਿਆਸ ਕਮਾਈਆਂ ਉਪਰੰਤ ਨਿਤਨੇਮ ਬਾਣੀਆਂ ਦੇ ਪਾਠ



www.AKJ.Org

ਅਸਚਰਜ ਰੰਗਾਂ ਵਿਚ ਕਰਦੇ ਹਨ ਅਤੇ ਫਿਰ ਦੀਵਾਨ ਵਿਚ ਹਾਜ਼ਰ ਹੋ ਆਸਾ ਦੀ ਵਾਰ ਦੇ ਕੀਰਤਨ ਸ੍ਰਵਣ ਕਰਦੇ ਤੇ ਅਲਾਪਦੇ ਹਨ। ਅਤਿ ਲੁੜੀਂਦਾ ਹੈ ਕਿ ਗੁਰੂ ਕੇ ਕੀਰਤਨੀਏ ਆਪ ਇਕ-ਸੁਰ ਹੋ ਕੇ ਸ਼ਬਦ ਨਾਲ ਜੁੜੇ ਹੋਏ ਹੋਣ, ਤਾਂ ਹੀ ਸਰੋਤਿਆਂ ਦੀਆਂ ਬ੍ਰਿਤੀਆਂ ਨੂੰ ਗੁਰੂ-ਚਰਨਾਂ (ਸ਼ਬਦ) ਨਾਲ ਜੋੜ ਸਕਦੇ ਹਨ। ਰਾਗੀ, ਢਾਡੀ, ਪ੍ਰਚਾਰਕ ਜੋ ਵੀ ਸਟੇਜ ਤੇ ਬੋਲਣ ਲਈ ਆਉਣ, ਉਹ ਫੋਕਟ ਬੋਲ ਬੋਲਣ ਵਾਲੇ ਨਾ ਹੋਣ; ਸਗੋਂ ਆਪ ਸ਼ਬਦ-ਰਸੀਏ ਹੋਣ, ਉਨ੍ਹਾਂ ਦੀ ਕਥਨੀ ਤੇ ਕਰਣੀ ਇਕ ਹੋਵੇ। ਬਸ ਕੇਵਲ ਇਉਂ ਹੀ "ਭਾਇ ਭਗਤਿ ਗੁਰਪੁਰਬ ਕਰੰਦੇ" ਦੀ ਪੰਕਤੀ ਦੇ ਭਾਵ ਵਿਚ ਗੁਰਪੁਰਬ ਮਨਾਉਣਾ ਸਫਲ ਹੈ।

**(੩) ਲੰਗਰ** :—ਲੰਗਰ ਗੁਰਸਿਖੀ ਦਾ ਇਕ ਅਨਿਖੜਵਾਂ ਅੰਗ ਹੈ। ਲੰਗਰ ਹੀ ਇਕ ਐਸੀ ਪ੍ਰਥਾ ਹੈ ਜਿਥੋਂ ਊਚ-ਨੀਚ, ਜਾਤਿ ਪਾਤਿ, ਅਮੀਰੀ ਗਰੀਬੀ ਤੇ ਰਾਣਾ ਰੰਕ ਬਰਾਬਰੀ ਦਾ ਅਮਲੀ ਸਬਕ ਮਿਲਦਾ ਹੈ। ਪਰ ਕੀ ਅਜ ਕਲ ਦੇ ਲੰਗਰ ਇਹ ਸਬੂਤ ਦੇ ਰਹੇ ਹਨ ? ਹਰਗਿਜ਼ ਨਹੀਂ। ਪ੍ਰਤਖ ਦੇਖਿਆ ਜਾ ਸਕਦਾ ਹੈ ਕਿ ਸਾਡੇ ਪ੍ਰਬੰਧਕ, ਲੀਡਰ, ਪ੍ਰਚਾਰਕ, ਬੁਲਾਰੇ, ਕਵੀ, ਰਾਗੀ ਆਦਿ ਪੰਗਤ ਵਿੱਚ ਬੈਠ ਕੇ ਪ੍ਰਸ਼ਾਦੇ ਨਹੀਂ ਛਕਦੇ। ਇਨ੍ਹਾਂ ਲਈ ਵਖਰਾ ਜਾਂ ਹੋਟਲਾਂ ਤੇ ਪ੍ਰਬੰਧ ਕੀਤਾ ਜਾਂਦਾ ਹੈ। ਇਹ ਸਾਡੀ ਨਿਘਰਦੀ ਅਵਸਥਾ ਅਤੇ ਢਹਿੰਦੀ ਕਲਾ ਦੀ ਨਿਸ਼ਾਨੀ ਹੈ।

ਲੰਗਰ ਵਿਚ ਬਿਬੇਕ ਦੀ ਘਾਟ ਹੋਣ ਕਰ ਕੇ ਛਕਣ ਛਕਾਉਣ ਵਾਲਿਆਂ ਵਿਚ ਸੰਤੋਖ ਦੀ ਘਾਟ ਦੇਖਣ ਵਿਚ ਆਉਂਦੀ ਹੈ। ਪ੍ਰਤਖ ਦੇਖਿਆ ਜਾ ਸਕਦਾ ਹੈ ਕਿ ਸਭ ਨੂੰ ਆਪੋ ਧਾਪੀ ਪਈ ਹੁੰਦੀ ਹੈ। ਲੰਗਰ ਦਾ ਕੋਈ ਸਤਕਾਰ ਨਹੀਂ ਹੁੰਦਾ। ਜਿਵੇਂ ਬਣਾਉਣਹਾਰੇ ਸਾਰੀ ਰਾਤ ਗੱਪਾਂ ਮਾਰਦੇ ਇਧਰ ਉਧਰ ਦੀਆਂ ਘਰੋਗੀ ਗਲਾਂ ਵਿੱਚ ਸੇਵਾ ਕਰਦੇ ਹਨ ਤਿਵੇਂ ਹੀ ਛਕਣਹਾਰੇ ਸਮੇਤ ਜੋੜਿਆਂ, ਖੜੇ ਖੜੋਤੇ, ਅਫੜਾ ਦਫੜੀ ਵਿੱਚ ਛਕਦੇ ਦੇਖੇ ਜਾ ਸਕਦੇ ਹਨ।

ਚਾਹੇ ਲੰਗਰ ਸਧਾਰਨ ਹੀ ਕਿਉਂ ਨਾ ਹੋਵੇ, ਪਰ ਹੋਵੇ ਗੁਰ-ਮਰਯਾਦਾ ਅਨੁਸਾਰ। ਲੰਗਰ ਸਜਾਉਣ ਵਾਲ ਗੁਰੂ ਕੇ ਤਿਆਰ-ਬਰ-ਤਿਆਰ ਸਿੰਘ ਸਿੰਘਣੀਆਂ ਹੋਣੇ ਚਾਹੀਦੇ ਹਨ; ਜਣੇ ਖਣੇ ਐਰੇ ਗ਼ੈਰੇ ਵਿਲੜ ਪੁਰਸ਼ਾਂ ਨੂੰ ਗੁਰ-ਮਰਯਾਦਾ ਅਨੁਸਾਰ ਲੰਗਰ ਵਿਚ ਹੱਥ ਮਾਰਨ ਦੀ ਆਗਿਆ ਨਹੀਂ। ਅਜਿਹੇ ਪੁਰਸ਼ ਕੇਵਲ ਯੋਗ ਸੇਵਾ ਲਕੜਾਂ ਪਾੜਨ, ਭਾਂਡੇ ਮਾਂਜਣ, ਅਤੇ ਸਬਜ਼ੀਆਂ ਕਟਣ ਆਦਿ ਹੀ ਕਰ ਸਕਦੇ ਹਨ। ਲੰਗਰ ਸਜਾਉਣ ਅਤੇ ਵਰਤਾਉਣ ਦੀ ਖੁਲ੍ਹ-ਖੇਡ ਵਰਤਾਣਾ ਮਨਮਤਿ ਹੈ। ਰਹਿਤ ਮਰਯਾਦਾ ਦੇ ਧਾਰਨੀ ਨਾਮ-ਬਾਣੀ ਦੇ ਰਸੀਏ ਲੰਗਰ ਸਜਾਉਂਦੇ ਸਮੇਂ ਵੀ ਨਾਮ-ਬਾਣੀ ਦਾ ਉਚਾਰਨ ਕਰਦੇ ਹਨ ਅਤੇ ਇਉਂ ਉਹ ਲੰਗਰ ਨੂੰ ਅੰਮ੍ਰਿਤ-ਭੋਜਨ ਬਣਾਉਂਦੇ ਹਨ। ਗੁਰਮੁਖ ਜਨਾਂ ਦੇ ਹਥਾਂ ਦਾ ਸਜਾਇਆ ਲੰਗਰ ਛਕਣ ਛਕਾਉਣ ਹਾਰਿਆਂ ਦੇ ਮਨਾਂ ਤੇ ਅਸਰ ਪਾਉਂਦਾ ਹੈ, ਅਤੇ ਗੁਰਮਤਿ ਨੂੰ ਗ੍ਰਹਿਣ ਕਰਨ ਦੇ ਚਾਉ ਵਾਲਾ ਅਸਰ ਕੀਤੇ ਬਿਨਾਂ ਨਹੀਂ ਰਹੇਗਾ। ਇਸੇ ਹੀ ਨਾਮ-ਬਾਣੀ ਦੀ ਪਾਰਸ-ਕਲਾ ਹੇਠ ਪਕਿਆ ਲੰਗਰ ਸੀ ਜਿਸ ਦੇ ਅਸਰ ਨੂੰ ਅਕਬਰ ਵਰਗੇ ਬਾਦਸ਼ਾਹ ਨੇ ਕਬੂਲਿਆ।

ਜਿਸ ਲੰਗਰ ਦੇ ਸਜਾਵੇ ਵਰਤਾਵੇ ਗੁਰੂ ਕੇ ਤਿਆਰ ਬਰ ਤਿਆਰ ਸਿਖ ਨਹੀਂ, ਉਹ ਗੁਰੂ ਕਾ ਲੰਗਰ ਕਿਵੇਂ ? ਉਹ ਮਿਲਗੋਭਾ ਲੰਗਰ ਹੈ।

ਇਉਂ ਹੋਰ ਵੀ ਅਨੇਕਾਂ ਗਿਰਾਵਟ ਵਲ ਲਿਜਾਣ ਵਾਲੇ ਢੰਗ ਵਰਤੀਂਦੇ ਗੁਰਪੁਰਬਾਂ ਸਮੇਂ ਦੇਖੇ ਜਾ ਸਕਦੇ ਹਨ। ਫ਼ਿਲਮੀ ਦਿਖਾਵੇ, ਫੋਕਟ ਪਸਾਰੇ, ਝੂਠੀ ਲੋਕਾਚਾਰੀ ਤੋਂ ਉਤਾਂਹ ਉਠ ਕੇ ਨਿਰੋਲ ਗੁਰਮਤਿ ਨੂੰ ਧਾਰਨ ਕਰਨ ਨਾਲ ਹੀ ਸਾਡੇ ਮਨਾਏ ਜਾ ਰਹੇ ਗੁਰਪੁਰਬ ਸਫਲ ਹਨ। ਨਹੀਂ ਤਾਂ ਲੰਗਰ ਛਕ ਗਏ, ਦੋ ਟੱਪੇ ਸੁਣ ਗਏ, ਕਈ ਫ਼ਿਲਮ ਵੇਖ ਲਈ ਤੇ ਬਸ ਗੁਰਪੁਰਬ ਮਨਾਇਆ ਗਿਆ। ਕੀ ਫ਼ਰਕ ਹੈ ਆਨਮਤ ਤਿਉਹਾਰਾਂ ਤੇ ਸਾਡੇ ਗੁਰਪੁਰਬ ਮਨਾਉਣ ਵਿੱਚ ? ਗੁਰਪੁਰਬਾਂ ਨੂੰ ਸਹੀ ਰੂਪ-ਰੇਖਾ ਦੇਣਾ ਸਾਡੇ ਆਗੂਆਂ ਪ੍ਰਬੰਧਕਾਂ ਦਾ ਮੁਖ ਮਕਸਦ ਹੋਣਾ ਚਾਹੀਦਾ ਹੈ, ਨਾ ਕਿ ਝੋਲੀਚੁਕ ਬਣਨਾ। ਖ਼ੁਦ-ਪ੍ਰਸਤੀ ਨੂੰ ਛਡ ਕੇ ਨਿਰੋਲ ਗੁਰਮਤਿ ਆਸ਼ੇ ਮੁਤਾਬਿਕ ਸੇਵਾ ਕਰਨਾ ਹਰ ਪ੍ਰਬੰਧਕ, ਹਰ ਗੁਰੂ ਨਾਨਕ ਨਾਮ ਲੇਵਾ ਸਿਖ ਦਾ ਮੁਖ ਫ਼ਰਜ਼ ਹੈ। ਤਦ ਹੀ ਇਨ੍ਹਾਂ ਪ੍ਰਬੰਧਕਾਂ ਦੀ ਸੇਵਾ ਲੇਖੇ ਵਿਚ ਹੈ।

www.AKJ.Org

# ਅਣਖ ਦੇ ਰਾਖੇ ਦੀ ਆਪਣੀ ਅਣਖ ਦਾ ਦਿਵਾਲਾ

ਖ਼ਾਲਸੇ ਦੀ ਸਿਰਜਨਾ ਜਿਸ ਆਸ਼ੇ ਨੂੰ ਮੁਖ ਰਖ ਕੇ ਕੀਤੀ ਗਈ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਸ਼ਬਦਾਂ ਵਿਚ ਇਉਂ ਹੈ:—

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਮ ਕੋ ਮੂਲ ਉਪਾਰਨ ॥

ਇਤਿਹਾਸ ਸ਼ਾਹਦ ਹੈ, ਖ਼ਾਲਸੇ ਨੇ ਭਾਰਤ ਵਿਚ ਜਬਰ ਤੇ ਜਾਬਰ ਦੀ ਜੜ੍ਹ ਪੁਟ ਕੇ ਧਰਮ ਦਾ ਬੋਲ-ਬਾਲਾ ਕੀਤਾ । ਉਤਰੀ ਪੰਜਾਬ ਵਲੋਂ ਨਿਤ ਦਿਹਾੜੇ ਜਰਵਾਣੇ ਆ ਕੇ ਭਾਰਤ ਦੀ ਅਸਮਤ ਲੁਟਦੇ ਸਨ । ਖ਼ਾਲਸੇ ਨੇ ਉਹਨਾਂ ਨੂੰ ਨਾਨੀ ਚੇਤੇ ਕਰਵਾਈ ਤੇ ਉਹ ਅਜ ਤਕ ਏਧਰ ਮੂੰਹ ਨਹੀਂ ਕਰ ਸਕੇ । ਖ਼ਾਲਸੇ ਦੇ ਬਾਹੂ-ਬਲ ਦਾ ਸਾਰੀ ਦੁਨੀਆਂ ਲੋਹਾ ਮੰਨਦੀ ਸੀ । ਖ਼ਾਲਸੇ ਦਾ ਦਬਦਬਾ ਏਨਾ ਸੀ ਕਿ ਪਠਾਣੀਆਂ ਆਪਣੇ ਰੋਂਦੇ ਬੱਚਿਆਂ ਨੂੰ ਸਾਡੇ ਖਾਲਸਾ ਸੂਰਬੀਰਾਂ ਦਾ ਡਰਾਵਾ ਦੇ ਕੇ ਚੁੱਪ ਕਰਾਉਂਦੀਆਂ ਸਨ ।

ਇਹ ਹੈ ਸਾਡਾ ਪੁਰਾਤਨ ਇਤਿਹਾਸ । ਇਸ ਉਤੇ ਜਿੰਨਾ ਫ਼ਖ਼ਰ ਕੀਤਾ ਜਾਏ, ਥੋੜਾ ਹੈ ।

ਪਰ ਇਹ ਵੀ ਇਕ ਕਰੜੀ ਤੇ ਕੌੜੀ ਸਚਾਈ ਹੈ ਕਿ ਅਜ ਦਾ ਸਿਖ, ਕਿਸੇ ਹੋਰ ਦੀ ਅਣਖ ਬਚਾਣ ਦੀ ਗੱਲ ਤਾਂ ਲਾਂਭੇ ਰਹੀ, ਆਪਣੀ ਅਣਖ ਦੀ ਰਾਖੀ ਕਰਨ ਦੇ ਸਮਰਥ ਵੀ ਨਹੀਂ ਰਿਹਾ । ਪਿਛਲੇ ਕੁਝ ਸਾਲਾਂ ਵਿਚ ਅਜ਼ਾਦ ਭਾਰਤ ਵਿਚ ਸਿੰਘ ਸੂਰਮੇ ਦੀ ਅਣਖ ਨੂੰ ਇਕ ਵਾਰੀ ਨਹੀਂ ਅਨੇਕ ਵਾਰੀ ਹੱਥ ਪਾਇਆ ਗਿਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ । ਬੀੜੀਆਂ ਦੇ ਕਲੰਡਰ ਉਤੇ ਸ਼ਰਾਰਤੀ ਅਨਸਰ ਵਲੋਂ ਸ਼ਰਾਰਤਨ ਸਿਖ ਸਤਿਗੁਰਾਂ ਦੀਆਂ ਫੋਟੋਆਂ ਛਾਪੀਆਂ ਗਈਆਂ ਹਨ । ਸਿਖ ਪੰਥ ਵਲੋਂ ਅਤੇ ਸਰਕਾਰ ਵਲੋਂ ਦੋਸ਼ੀਆਂ ਦੀ ਮਤ ਟਿਕਾਣੇ ਨਹੀਂ ਲਿਆਂਦੀ ਗਈ, ਜਿਸ ਕਾਰਨ ਸ਼ਰਾਰਤੀ ਅਨਸਰ ਦੇ ਹੌਸਲੇ ਵਧੇ ਹਨ ।

ਉਤਰ ਪ੍ਰਦੇਸ਼ ਦੀ ਫ਼ਰਮ ਲਖਮੀ ਚੰਦ ਐਂਡ ਕੰਪਨੀ (ਰਜਿਸਟਰਡ) ਸਹਾਵਰ (ਏਟਾ) ਨੇ ਘੋੜਾ ਛਾਪ ਤਮਾਕੂ ਦੀ ਮਸ਼ਹੂਰੀ ਲਈ ਇਕ ਕੈਲੰਡਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫ਼ੋਟੋ ਸੰਯੁਕਤ ਛਾਪਿਆ ਹੈ, ਜਿਸ ਦਾ ਫੋਟੋ ਬਲਾਕ ਮਿਤੀ 8-੮-77 ਦੀ ਅਕਾਲੀ ਪਤ੍ਰਕਾ ਵਿਚ ਦਿਤਾ ਗਿਆ ਹੈ ।

ਸਾਰਾ ਸੰਸਾਰ ਜਾਣਦਾ ਹੈ ਕਿ ਸਿਖ ਧਰਮ ਵਿਚ ਤਮਾਕੂ ਬਿਵਰਜਿਤ ਹੈ ਅਤੇ ਸਿਖ ਤਮਾਕੂ ਤੋਂ ਘਿਰਣਾ ਕਰਦੇ ਹਨ । ਯੂ. ਪੀ. ਦੀ ਫ਼ਰਮ ਦਾ ਉਪ੍ਰੋਕਤ ਇਸ਼-ਤਿਹਾਰ ਛਾਪਣਾ ਉਸਦੀ ਖੁਲ੍ਹਮ ਖੁਲ੍ਹਾ ਸ਼ਰਾਰਤ ਦਾ ਸੂਚਕ ਹੈ । ਯੂ. ਪੀ. ਦੀ ਪ੍ਰਾਂਤਕ ਸਰਕਾਰ ਵਲੋਂ ਉਸ ਦੇ ਵਿਰੁਧ ਫ਼ੌਰਨ ਕਾਰਵਾਈ ਦਾ ਨਾ ਕੀਤੇ ਜਾਣਾ ਇਹ ਪ੍ਰਗਟ ਕਰਦਾ ਹੈ ਕਿ ਸਰਕਾਰ ਜਾਂ ਤਾਂ ਸ਼ਰਾਰਤੀ ਅਨਸਰ ਨੇ ਕਾਣੀ ਕੀਤੀ ਹੋਈ ਹੈ ਜਾਂ ਸਰਕਾਰ ਨਾ-ਅਹਿਲ ਹੈ । ਕੇਂਦਰੀ ਸਰਕਾਰ ਦਾ ਵੀ ਫ਼ਰਜ਼ ਬਣਦਾ ਹੈ ਕਿ ਦੋਸ਼ੀਆਂ ਦੇ,ਅਤੇ ਦੋਸ਼ੀਆਂ ਨੂੰ ਬੁਕਲ ਵਿਚ ਪਾਲਣ ਵਾਲੀਆਂ ਸਰਕਾਰਾਂ ਦੇ ਕੰਨ ਖਿਚੇ । ਪਰ ਜੀ—"ਇਹ ਦੁਨੀਆਂ ਮੰਨਦੀ ਜ਼ੋਰਾਂ ਨੂੰ । ਲਖ ਲਾਨ੍ਹਤ ਹੈ ਕਮਜ਼ੋਰਾਂ ਨੂੰ ।"

ਜਿਹੜੀ ਕੌਮ ਆਪਣੀ, ਆਪਣੇ ਵਡੇਰਿਆਂ ਦੀ ਅਤੇ ਆਪਣੇ ਇਸ਼ਟ ਦੀ ਅਣਖ ਦੀ ਰੱਖਿਆ ਨਹੀਂ ਕਰ ਸਕਦੀ, ਉਸਦੀ ਵਾਤ ਕੋਈ ਹੋਰ ਵੀ ਨਹੀਂ ਪੁਛਦਾ । ਸਾਡੀ ਕੌਮ ਦੇ ਲੀਡਰਾਂ ਨੂੰ ਤਾਂ ਆਪਣੀ ਚੌਧਰ ਬਣਾਉਣ ਅਤੇ ਉਸ ਨੂੰ ਕਾਇਮ ਰੱਖਣ ਦਾ ਹੀ ਆਹਰ ਲੱਗਾ ਹੋਇਆ ਹੈ । ਧਰਮ, ਤਾਂ ਇਸ ਕੰਮ ਲਈ ਹੱਥ-ਠੋਕੇ ਦੇ ਤੌਰ ਤੇ ਹੀ ਵਰਤਿਆ ਜਾ ਰਿਹਾ ਹੈ । ਭੋਲੀਆਂ ਸਿਖ ਸੰਗਤਾਂ ਅਜਾਈਂ ਹੀ ਇਹਨਾਂ ਸੰਸਥਾਵਾਂ ਅਤੇ ਉਹਨਾਂ ਦੇ ਲੀਡਰਾਂ ਉਤੇ ਆਸ ਰਖੀ ਬੈਠੀਆਂ ਹਨ ਕਿ ਉਹ ਧਰਮ ਦੀ ਰੱਖਿਆ ਜਾਂ ਬਿਰਧੀ ਲਈ ਕੁਝ ਕਰਨਗੇ । ਭਲਾ ਉਹਨਾਂ ਨੂੰ ਇਸ ਪਾਸੇ ਦੀ ਵਿਹਲ ਕਿਥੇ ? ਧਾਰਮਿਕ ਰੁਚੀ ਵਾਲੇ ਹਰੇਕ ਵਿਅਕਤੀ ਦਾ ਫ਼ਰਜ਼ ਬਣਦਾ ਹੈ ਕਿ ਉਹ ਵਿਅਕਤੀ-ਗਤ ਤੌਰ ਤੇ,ਅਤੇ ਜਥੇਬੰਦਕ ਤੌਰ ਤੇ ਇਹਨਾਂ ਸੰਸਥਾਵਾਂ ਅਤੇ ਉਹਨਾਂ ਦੇ ਲੀਡਰਾਂ ਤੋਂ ਪੁਛ ਪੜਤਾਲ ਕਰਦੇ ਰਹਿਣ ਤੇ ਇਹਨਾਂ ਦੀਆਂ ਤਣਾਵਾਂ ਕਸਦੇ ਰਹਿਣ ।



www.AKJ.Org

## ਪਟਨਾ ਸਾਹਿਬ (ਬਿਹਾਰ) ਵਿਖੇ ਹੋਲੇ ਮਹੱਲੇ ਦਾ ਪ੍ਰੋਗਰਾਮ

ਬਿਹਾਰ ਅਤੇ ਦੂਰ ਦੂਰ ਦੀਆਂ ਸੰਗਤਾਂ ਜੋ ਅਨੰਦ-ਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਕੀਰਤਨ-ਪ੍ਰੋਗਰਾਮਾਂ ਤੇ ਨਹੀਂ ਪੁਜ ਸਕਣਗੀਆਂ, ਉਨ੍ਹਾਂ ਵਾਸਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪਾਵਨ ਧਰਤੀ ਵਿਖੇ ੩ ਮਾਰਚ ਤੋਂ ੬ ਮਾਰਚ ਸਵੇਰ ਤਕ ਅਖੰਡ ਕੀਰਤਨ ਪ੍ਰੋਗਰਾਮ ਹੋ ਰਹੇ ਹਨ । ਕਲਕੱਤਾ, ਕਾਨ੍ਹਪੁਰ, ਆਗਰਾ, ਧਨਬਾਦ ਆਦਿ ਥਾਵਾਂ ਦੇ ਕੀਰਤਨੀਏ ਗੁਰਸਿਖ ਵੀਰ ਭੈਣਾਂ ਹਾਜ਼ਰੀਆਂ ਭਰ ਰਹੇ ਹਨ । ਸੰਗਤਾਂ ਪੁਜ ਕੇ ਲਾਭ ਉਠਾਉਣ । ਅੰਮ੍ਰਿਤ-ਸਿੰਚਾਰ ਸਮਾਗਮ ਵੀ ਹੋਣਗੇ ।

ਪੁਛ ਗਿਛ— ਭਾਈ ਪਰਤਾਪ ਸਿੰਘ ਚਕੀ ਵਾਲੇ.
ਹਾਜੀ ਗੰਜ, ਪਟਨਾ ਸਾਹਿਬ ।

ਦਾਸਰੇ—ਅਖੰਡ ਕੀਰਤਨੀ ਜੱਥਾ, ਪਟਨਾ ਸਾਹਿਬ

## ਹੋਲੀ ਤੇ ਹੋਲਾ ਮਹੱਲਾ

[ਵਲੋਂ:–ਸ: ਦੇਵਾ ਸਿੰਘ ਜੀ ਕਿਰਤੀ]

ਜਿਸਦੀ ਹੈ ਇਹ ਯਾਦ ਉਹ ਪ੍ਰਹਿਲਾਦ ਸੀ ।
ਜਿਸ ਦੇ ਹਿਰਦੇ ਅੰਦਰ ਹਰਿ ਦੀ ਯਾਦ ਸੀ ।
'ਹਰਿ ਹੈ ਸਦਾ ਹੀ ਨਾਲ' ਇਹ ਸਮਝਾ ਗਿਆ ।
'ਜਹਿ ਤਹਿ ਹੋਇ ਸਹਾਈ' ਇਹ ਵਿਖਾ ਗਿਆ ।
ਹਰਿ ਜੀ ਤਾਹੀਏਂ ਆਪਣਾ ਬਿਰਦ ਪਛਾਣ ਕੇ ।
ਸਾਰੇ ਕਸ਼ਟਾਂ ਵਿਚੋਂ ਰਖਿਆ ਆਣ ਕੇ ।
ਕਿਉਂਕਿ ਭੋਲੇ ਭਾਇ ਹਰਿ ਜੀ ਯਾਦ ਸੀ ।
ਕਿਰਤੀ 'ਨਿਰਭਉ' ਵਸਿਆ ਮਨਿ ਪ੍ਰਹਿਲਾਦ ਸੀ ।

ਕਲਜੁਗ ਅੰਦਰ ਹੋਲਾ ਸਤਿਗੁਰ ਦੱਸਿਆ ।
ਸਾਰੀ ਉਮਰਾ ਦੁਖਾਂ ਦੇ ਵਿਚ ਹੱਸਿਆ ।
ਹੋਲੀ ਦੀ ਥਾਂ ਹੋਲਾ ਰਖਿਆ ਨਾਮ ਸੀ ।
'ਕਿਰਤੀ' ਰੰਗ ਇਲਾਹੀ ਨਿਹਚਲ ਧਾਮ ਸੀ ।

---

## ਪਿੰਡ ਭਕੂ ਮਾਜਰਾ ਵਿਖੇ ਅਦੁਤੀ ਅਖੰਡ ਕੀਰਤਨ ਸਮਾਗਮ

ਪਿੰਡ ਭਕੂ ਮਾਜਰਾ ਨਜ਼ਦੀਕ ਚਮਕੌਰ ਸਾਹਿਬ, ਭਾਈ ਸਾਹਿਬ ਸੂਬੇਦਾਰ ਪਿਆਰਾ ਸਿੰਘ ਦੇ ਗ੍ਰਹਿ ਵਿਖੇ ਮਿਤੀ ੨੯ ਮਾਰਚ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਸਮੂਹ ਕੀਰਤਨੀ ਜਥੇ ਹਾਜ਼ਰੀਆਂ ਭਰ ਰਹੇ ਹਨ । ਸਰਬਤ ਸੰਗਤਾਂ ਪ੍ਰਤੀ ਬਿਨੈ ਹੈ ਕਿ ਸਮਾਗਮ ਵਿਚ ਜੁੜ ਕੇ ਸਚੇ ਸੁਚੇ ਕੀਰਤਨ ਦੇ ਲਾਹੇ ਲੈਣ ਤੇ ਜਨਮ ਸਫਲਾ ਕਰਨ ।

---

## ਕੁਰਾਲਾ (ਹੁਸ਼ਿਆਰਪੁਰ) ਵਿਖੇ ਸਮਾਗਮ

ਭਾਈ ਅਵਤਾਰ ਸਿੰਘ ਜੀ ਨਿਹੰਗ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਵਿਖੇ ੧੦ ਮਾਰਚ ਸ੍ਰੀ ਅਖੰਡਪਾਠ ਰਖੇ ਜਾਣਗੇ, ਜਿਸ ਦੇ ਭੋਗ ੧੨ ਸਵੇਰ ਨੂੰ ਪੈਣਗੇ ਅਤੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ । ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ । ੧੩ ਮਾਰਚ ਐਤਵਾਰ ਸਵੇਰੇ ਸਮਾਪਤੀ ਹੋਵੇਗੀ ।

---

## ਪਿੰਡ ਉਦੋ ਨੰਗਲ (ਅੰਮ੍ਰਿਤਸਰ) ਵਿਖੇ ਰੈਣ-ਸਬਾਈ ਕੀਰਤਨ

ਸ: ਸਰਬਜੀਤ ਸਿੰਘ ਜੀ ਇਤਲਾਹ ਦਿੰਦੇ ਹਨ ਕਿ ਪਿੰਡ ਉਦੋ ਨੰਗਲ, ਨੇੜੇ ਮਹਿਤਾ ਚੌਕ ਜ਼ਿਲਾ ਅੰਮ੍ਰਿਤਸਰ ਵਿਖੇ ੨ ਅਪ੍ਰੈਲ ੧੯੭੭ ਨੂੰ ਅੰਮ੍ਰਿਤ-ਸਿੰਚਾਰ ਅਤੇ ਰੈਣ-ਸਬਾਈ ਕੀਰਤਨ ਹੋ ਰਹੇ ਹਨ ।

---

## ੧੯੭੭ ਦਾ ਅਖੰਡ-ਕੀਰਤਨ ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ

### ੧੧ ਅਪਰੈਲ ਸਵੇਰ ਤੋਂ ੧੪ ਅਪਰੈਲ ਸਵੇਰ ਤਕ

ਸ੍ਰੀ ਹਰਿਮੰਦਰ ਸਾਹਿਬ, ਮੰਜੀ ਸਾਹਿਬ, ਗੁਰਦੁਆਰਾ ਪਿਪਲੀ ਸਾਹਿਬ ਅਤੇ ਅਜੀਤ ਨਗਰ ਵਿਖੇ ।

---

**ਪਾਠਕ ਪਤਾ ਦੇਣ**—ਕਿਸੇ ਸੱਜਣ ਨੇ F.P.O. 886 ਤੋਂ ਅਠ ਰੁਪਏ ਦਾ 14 ਜਨਵਰੀ ਨੂੰ ਮਨੀ-ਆਰਡਰ ਭੇਜਿਆ ਹੈ । ਉਸ ਦਾ ਐਡਰੈਸ ਸਾਨੂੰ ਨਹੀਂ ਮਿਲ ਸਕਿਆ । ਜਿਸ ਦਾ ਹੋਵੇ, ਪਤਾ ਦੇਵੇ ।

www.AKJ.Org

## 'ਬਾਮੁਲਾਹਜ਼ਾ ਹੁਸ਼ਿਆਰ' ਨੂੰ ਇਨਾਮ—ਸਿੱਖ ਅਤੇ ਈਸਾਈ ਧਰਮ ਤੇ ਸਿੱਧੇ ਹਮਲੇ

ਕਾਫੀ ਦੇਰ ਤੋਂ ਨਰਿੰਦਰ ਪਾਲ ਸਿੰਘ ਦੇ ਨਾਵਲ "ਬਾਮੁਲਾਹਜ਼ਾ ਹੁਸ਼ਿਆਰ" ਦੀ ਚਰਚਾ ਅਖ਼ਬਾਰਾਂ ਵਿਚ ਚਲ ਰਹੀ ਸੀ ਕਿ ਇਹ ਇਕ ਅਜਿਹਾ ਨਾਵਲ ਹੈ ਜਿਸ ਵਿਚ ਸਿਖ ਧਰਮ ਤੇ ਈਸਾਈ ਧਰਮ ਦੇ ਬਾਨੀਆਂ ਤੇ ਵਿਅੰਗ ਕਸਿਆ ਗਿਆ ਹੈ। ਇਹੀ ਨਹੀਂ ਸਿਖਾਂ ਦੇ ਕਈ ਧਾਰਮਕ ਵਾਕਾਂ, ਸਿੱਖ ਸਾਖੀ ਸਾਹਿੱਤ ਦਾ ਭੀ ਮਖੌਲ ਉਡਾਇਆ ਗਿਆ ਹੈ। ਨਾਵਲਕਾਰ ਇਕ ਅਜਿਹੇ ਸਮਾਜ ਨੂੰ ਜਨਮ ਦੇਣਾ ਚਾਹੁੰਦਾ ਹੈ ਜੋ ਚਾਰਵਾਕ ਦੇ ਅਸੂਲਾਂ ਤੇ ਅਮਲ ਕਰਦਾ ਹੋਇਆ ਵਰਤਮਾਨ ਸਮਾਜ ਦੇ ਇਖ਼ਲਾਕੀ ਅਸੂਲਾਂ ਨੂੰ ਠਿੱਠ ਸਮਝਦਾ ਹੈ। ਇਹ ਨਾਵਲ ਅਸ਼ਲੀਲ ਭਾਸ਼ਾ ਵਿਚ ਮਨੁੱਖਾਂ ਦੇ ਅਜਿਹੇ ਲਿੰਗਕ ਰਿਸ਼ਤਿਆਂ ਨੂੰ ਉਭਾਰ ਰਿਹਾ ਹੈ ਜਿਸ ਨੂੰ ਲਿਖਣ ਲਗਿਆਂ ਸਾਡੀ ਕਲਮ ਭੀ ਸੰਕੋਚ ਕਰ ਰਹੀ ਹੈ। ਨੌਜਵਾਨ ਪੀੜ੍ਹੀ ਦੇ ਹੱਥੀਂ ਜੇਕਰ ਇਹ ਨਾਵਲ ਪੈ ਗਿਆ ਤਾਂ ਨਿਸਚੇ ਹੀ ਨੌਜਵਾਨ ਪੀੜ੍ਹੀ ਦੀ ਵਿਚਾਰਧਾਰਾ ਨੂੰ ਇਕ ਗ਼ਲਤ ਦਿਸ਼ਾ ਵਲ ਲੈ ਜਾਵੇਗਾ, ਜਿਥੇ ਧਰਮ, ਸਮਾਜ ਦੇ ਇਖ਼ਲਾਕ ਦਾ ਕੋਈ ਬੰਧਨ ਨਹੀਂ। ਵਡੀ ਹੈਰਾਨੀ ਦੀ ਗੱਲ ਇਹ ਹੈ ਕਿ ਸਾਹਿਤ ਅਕੈਡਮੀ ਦਿਲੀ ਨੇ ਇਤਨੀ ਵਿਰੋਧਤਾ ਦੇ ਬਾਵਜੂਦ ਭੀ, ਕਿਸੇ ਦੇ ਧਾਰਮਕ ਜਜ਼ਬਿਆਂ ਦੀ ਪਰਵਾਹ ਨਾ ਕਰਦੇ ਹੋਏ, ਇਸ ਅਸ਼ਲੀਲ ਨਾਵਲ ਨੂੰ ਇਸ ਸਾਲ ਦੀ ਸਰਵ-ਉਚ ਕ੍ਰਿਤ ਹੋਣ ਦਾ ਮਾਣ ਬਖਸ਼ ਕੇ ਸਾਹਿਤ ਅਕੈਡਮੀ ਦਾ ਪ੍ਰਥਮ ਇਨਾਮ ਨਾਵਲਕਾਰ ਦੀ ਝੋਲੀ ਪਾ ਦਿਤਾ ਹੈ। ਇਸ ਪੁਸਤਕ ਨੂੰ ਜ਼ਬਤ ਕਰਾਉਣ ਲਈ ਧਾਰਮਿਕ ਕਮੇਟੀ ਸ਼੍ਰੋਮਣੀ ਗੁ: ਪ੍ਰ: ਕਮੇਟੀ, ਚੀਫ਼ ਖਾਲਸਾ ਦੀਵਾਨ ਦੀ ਧਾਰਮਿਕ ਕਮੇਟੀ, ਨਿਰੰਕਾਰੀ ਸੰਸਥਾ ਦੇ ਨੇਤਾ, ਈਸਾਈਆਂ ਦੀ ਰੀਜਨਲ ਬਿਸ਼ਪ ਈਸਾਈਆਂ ਦੀ ਪ੍ਰਤੀਨਿਧ ਜਮਾਤ ਨੇ ਬਹੁਤ ਸਾਰੇ ਯਤਨ ਕੀਤੇ, ਸਰਕਾਰ ਨੂੰ ਤਾਰਾਂ ਭੀ ਦਿੱਤੀਆਂ ਗਈਆਂ। ਸਾਹਿਤ ਅਕੈਡਮੀ ਨੇ ਸਭ ਕਾਸੇ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਨਰਿੰਦਰਪਾਲ ਸਿੰਘ ਨੂੰ ਇਨਾਮ ਦੇਕੇ ਸਨਮਾਨਿਤ ਕੀਤਾ ਹੈ। ਪਤਾ ਲਗਾ ਹੈ ਕਿ ਉਪਰੋਕਤ ਸੰਸਥਾਵਾਂ ਇਸ ਨਾਵਲ ਦੇ ਲਿਖਾਰੀ ਵਿਰੁਧ ਮੁਕੱਦਮੇ ਕਰ ਰਹੀਆਂ ਹਨ।

['ਖਾਲਸਾ ਸਮਾਚਾਰ' ੧੭-੨-੭੭

---

## ਨਾਮ-ਅਭਿਆਸ ਕੀਰਤਨ ਅਤੇ ਸ਼ਸਤਰ-ਅਭਿਆਸ ਪ੍ਰੋਗਰਾਮ

ਡੇਰਾ ਖ਼ਾਲਸਾ ਦੇ ਸਿੰਘਾਂ ਨੇ ੧੨ ਮਾਰਚ ਤੋਂ ੨੫ ਮਾਰਚ ਤਕ ਪ੍ਰੋਗਰਾਮ ਰਖੇ ਹਨ। ਸਵੇਰੇ ੨ ਵਜੇ ਉਠ ਕੇ, ਸੌਚ ਇਸ਼ਨਾਨ, ਨਾਮ-ਅਭਿਆਸ, ਅਖੰਡ ਕੀਰਤਨ, ਗੁਰਬਾਣੀ ਦੇ ਪਾਠ, ਸੇਵਾ, ਲੰਗਰ ਅਤੇ ਸ਼ਸਤਰਾਂ ਦੇ ਅਭਿਆਸ ਦੇ ਪ੍ਰੋਗਰਾਮ ਰਾਤ ਦੇ ੯ ਵਜੇ ਤਕ ਉਲੀਕੇ ਗਏ ਹਨ। ੨੬ ਮਾਰਚ ਦੀ ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਅਤੇ ਰੈਣ-ਸਬਾਈ ਕੀਰਤਨ ਹੋ ਰਹੇ ਹਨ।

ਨੋਟ : ੧. ਗੁਰਦਾਸਪੁਰ ਤੋਂ ਅਤੇ ਬਹਿਰਾਮਪੁਰ ਤੋਂ ਚਕ ਮਕੌੜਾ ਪਤਣ ਤੋਂ ਰਾਵੀ ਦਰਿਆ ਲੰਘ ਕੇ ਖ਼ਾਲਸਾ ਫ਼ਾਰਮ ਭਰਿਆਲ ਹੈ। ੨. ਸੰਗਤਾਂ ਗੁਰਮੁਖੀ ਬਾਣੇ ਵਿਚ ਹੀ ਪੁਜਣ ਅਤੇ ਲੋੜ ਅਨੁਸਾਰ ਆਪਣੇ ਨਾਲ ਕੰਬਲ ਆਦਿ ਜ਼ਰੂਰ ਲਿਆਉਣ। ਪੁੱਛ ਗਿੱਛ—ਬੀਬੀ ਅਮਰਜੀਤ ਕੌਰ, ੪੪੯-ਈਸਟ ਮੋਹਨ ਨਗਰ, ਅੰਮ੍ਰਿਤਸਰ।

---

## ਮਹੋਲੀ ਕਲਾਂ ਜ਼ਿਲਾ ਸੰਗਰੂਰ ਵਿਖੇ ਰੈਣ-ਸਬਾਈ ਕੀਰਤਨ

ਪਿੰਡ ਮਹੋਲੀ ਕਲਾਂ ਦਾਸ ਦੇ ਗ੍ਰਿਹਿ ਵਿਖੇ ੧੨ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ। ਲੁਧਿਆਣਾ, ਅਹਿਮਦ ਗੜ੍ਹ ਸ਼ੇਰਪੁਰ ਤੋਂ ਬਸਾਂ ਮਿਲਦੀਆਂ ਹਨ। ਦਾਸਰਾ—ਗਿ: ਕੁੰਦਾ ਸਿੰਘ ਢਾਡੀ, ਮਹੋਲੀ ਕਲਾਂ, ਜ਼ਿਲਾ ਸੰਗਰੂਰ

---

## ਖੰਨੇ ਵਿਖੇ ੨੩ ਅਪ੍ਰੈਲ ਨੂੰ ਰੈਣ-ਸਬਾਈ ਪ੍ਰੋਗਰਾਮ ਹੋਣਗੇ।



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ ਇਤਿਹਾਸਕ ਨਿਰਣਾ

ਮਿਤੀ ੧੧-੨-੭੭ ਦੀ 'ਅਜੀਤ' ਅਖ਼ਬਾਰ ਵਿਚ ਪ੍ਰਸੰਸਾ ਜੋਗ ਖ਼ਬਰ ਛਪੀ ਹੈ ਕਿ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਨਿਰਣਾ ਲਿਆ ਗਿਆ ਹੈ ਕਿ ਗੁ: ਰਾਮਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਕੀਤੀ ਜਾਵੇਗੀ। ਉਸ ਪਵਿਤਰ ਅਸਥਾਨ ਉਤੇ ਆਟੋਮੈਟਿਕ ਪ੍ਰੈਸ-ਮਸ਼ੀਨ ਦੁਆਰਾ ਵਧੀਆ ਕਾਗਜ਼ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਦੀ ਛਪਾਈ ਸ਼੍ਰੋ: ਗੁ: ਪ੍ਰ: ਕਮੇਟੀ ਕਰਵਾਏਗੀ ਅਤੇ ਪਾਵਨ ਬੀੜਾਂ ਗੁਰਸਿਖ ਸੰਗਤਾਂ ਨੂੰ ਲੋੜ ਅਤੇ ਯੋਗਤਾ ਅਨੁਸਾਰ ਮੋਖ-ਰਹਿਤ ਭੇਟ ਕੀਤੀਆਂ ਜਾਣਗੀਆਂ।

ਉਪਰੋਕਤ ਫ਼ੈਸਲਾ ਕੌਮ ਲਈ ਗੌਰਵ-ਸ਼ੀਲ ਹੈ। ਪਾਵਨ ਬੀੜਾਂ ਦੀ ਵਪਾਰੀ ਪ੍ਰਕਾਸ਼ਕਾਂ ਦੁਆਰਾ ਬੇ-ਅਦਬ ਢੰਗ ਨਾਲ ਛਪਾਈ ਅਤੇ ਬਾਜ਼ਾਰਾਂ ਵਿਚ ਆਮ ਵਸਤੂਆਂ ਵਾਂਗ ਵਿਕਰੀ ਨੂੰ ਦੇਖ ਕੇ ਹਰ ਸਿਖ ਦਾ ਹਿਰਦਾ ਦੁਖੀ ਹੋ ਰਿਹਾ ਸੀ ਅਤੇ ਉਸ ਦਾ ਸਿਰ ਇਸ ਨਮੋਸ਼ੀ ਕਾਰਨ ਨੀਵਾਂ ਹੁੰਦਾ ਜਾ ਰਿਹਾ ਸੀ।

ਇਸ ਫ਼ੈਸਲੇ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਏ, ਥੋੜੀ ਹੈ। ਗੁਰੂ ਦੇ ਪਿਆਰ ਅਤੇ ਸਤਕਾਰ ਕਰਨ ਵਿਚ ਕੌਮ ਦੀ ਚੜ੍ਹਦੀ ਕਲਾ ਦਾ ਭੇਦ ਲੁਕਿਆ ਹੋਇਆ ਹੈ। ਇਸ ਸ਼ੁਭ ਐਲਾਨ ਲਈ ਗੁਰੂ ਪਾਤ-ਸ਼ਾਹ ਦਾ ਧੰਨਵਾਦ ਕਰਦਿਆਂ ਹੋਇਆਂ, ਉਨ੍ਹਾਂ ਦੇ ਚਰਨਾਂ ਵਿਚ ਇਸ ਕਾਰਜ ਦੀ ਪੂਰਤੀ ਲਈ ਅਰਦਾਸ ਹੈ। ਨਾਲ ਹੀ ਦੇਸਾਂ ਪਰਦੇਸਾਂ ਦੀਆਂ ਸਿਖ ਸੰਗਤਾਂ ਨੂੰ ਬਿਨੈ ਹੈ ਕਿ ਇਸ ਮਹਾਨ ਕਾਰਜ ਦੀ ਪੂਰਤੀ ਲਈ ਤਨ ਮਨ ਧਨ ਰਾਹੀਂ ਸਹਿਯੋਗ ਦੇਣ ਲਈ ਤਿਆਰ ਰਹਿਣ।

ਉਪਰੋਕਤ ਕਿਸਮ ਦਾ ਨਿਰਣਾ ਅਜ ਤੋਂ ਤਿੰਨ ਸਾਲ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਵਲੋਂ ਲਿਆ ਗਿਆ ਸੀ। ਇਸ ਸੰਸਥਾ ਵਲੋਂ ਅੰਬਾਲਾ ਦੇ ਨੇੜੇ ਪ੍ਰੈਸ ਬਿਲਡਿੰਗ ਦੀ ਉਸਾਰੀ ਕੀਤੀ ਗਈ ਹੈ। ਅਜੇ ਬੀੜਾਂ ਦੀ ਛਪਾਈ ਦਾ ਕੰਮ ਆਰੰਭ ਨਹੀਂ ਹੋਇਆ। ਹੁਣ ਜਦ ਕਿ ਕੌਮ ਦੀ ਪ੍ਰਮੁਖ ਧਾਰਮਿਕ ਸੰਸਥਾ ਵਲੋਂ ਵੀ ਇਹ ਕਾਰਜ ਕਰਨ ਦਾ ਨਿਰਣਾ ਲਿਆ ਗਿਆ ਹੈ, ਇਸ ਲਈ ਉਚਿਤ ਹੋਵੇਗਾ ਕਿ ਦੋਵੇਂ ਸੰਸਥਾਵਾਂ ਰਲ-ਮਿਲ ਕੇ ਆਪਣਾ ਸਾਂਝਾ ਤ੍ਰਾਣ ਇਸ ਪ੍ਰਾਜੈਕਟ ਦੀ ਪੂਰਤੀ ਲਈ ਲਾਉਣ।

ਇਸ ਸੰਬੰਧ ਵਿਚ ਪੰਥ ਦੇ ਹਿਤੈਸ਼ੀਆਂ ਵਲੋਂ ਸਮੇਂ ਸਮੇਂ ਜੋ ਵਿਚਾਰ ਉਭਰਦੇ ਆ ਰਹੇ ਹਨ, ਉਨ੍ਹਾਂ ਨੂੰ ਜ਼ਿਮੇਵਾਰ ਸੰਸਥਾਵਾਂ ਦੀ ਦ੍ਰਿਸ਼ਟੀ ਗੋਚਰੇ ਕੀਤਾ ਜਾਂਦਾ ਹੈ—

(੧) ਵਪਾਰੀ ਪ੍ਰਕਾਸ਼ਕਾਂ ਦੀ ਅਣਗਹਿਲੀ ਕਾਰਨ ਅਸ਼ੁਧ ਛਪਾਈ ਹੋ ਰਹੀ ਹੈ, ਜੋ ਨਾ ਬਖਸ਼ੇ ਜਾਣ ਵਾਲਾ ਅਪਰਾਧ ਹੈ। ਉਨ੍ਹਾਂ ਛਪ ਰਹੀਆਂ ਉਕਾਈਆਂ ਦੀ ਪਰਖ ਕੇ ਸੁਧਾਈ ਹੋਣੀ ਪਰਮ ਜ਼ਰੂਰੀ ਹੈ।

(੨) ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਧਰਮ-ਪੁਸਤਕ ਨਹੀਂ। ਆਪ "ਗੁਰੂ-ਪਦ" ਪ੍ਰਾਪਤ ਹਨ। ਹਜ਼ੂਰ ਦੀ ਛਪਾਈ ਦਾ ਹਕ ਕੇਵਲ ਪੰਥ ਨੂੰ ਹੈ। ਇਸ ਲਈ ਵਪਾਰੀ ਪ੍ਰਕਾਸ਼ਕਾਂ ਦੁਆਰਾ ਇਨ੍ਹਾਂ ਦੀ ਛਪਾਈ ਫੌਰਨ ਬੰਦ ਕਰਾਉਣ ਲਈ ਉਪਰਾਲਾ ਕਰਨਾ ਚਾਹੀਦਾ ਹੈ। ਇਸ ਸਬੰਧ ਵਿਚ ਕਾਨੂੰਨ ਬਣਵਾਏ ਜਾਣ ਦੀ ਲੋੜ ਹੈ। ਸਰਕਾਰ ਵਲੋਂ ਕਾਨੂੰਨ ਬਣਾਉਣ ਵਿਚ ਤਾਂ ਭਾਵੇਂ ਕੁਝ ਦੇਰ ਲਗੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੁਕਾਨਦਾਰਾਂ ਅਤੇ ਸਿਖ ਸੰਗਤਾਂ ਦੇ ਨਾਮ ਇਕ ਹੁਕਮ-ਨਾਮੇ ਦੁਆਰਾ ਤੁਰਤ ਪ੍ਰਾਈਵੇਟ ਪ੍ਰਕਾਸ਼ਕਾਂ ਵਲੋਂ ਛਪੀਆਂ ਬੀੜਾਂ ਦੀ ਖ਼੍ਰੀਦੋ ਫ਼ਰੋਖਤ ਬੰਦ ਕੀਤੀ ਜਾਣੀ ਚਾਹੀਦੀ ਹੈ।

(੩) ਸ਼੍ਰੋ: ਗੁ: ਪ੍ਰ: ਕਮੇਟੀ ਨੇ ਬੀੜਾਂ ਮੋਖ-ਰਹਿਤ ਦੇਣਾ ਸਿਧਾਂਤਕ ਤੌਰ ਤੇ ਪ੍ਰਵਾਣ ਕਰ ਲਿਆ ਹੈ। ਸੋ ਇਸ ਫ਼ੈਸਲੇ ਨੂੰ ਹੁਣ ਤੋਂ ਹੀ ਲਾਗੂ ਕਰਨਾ ਬਣ ਆਉਂਦਾ ਹੈ।

(੪) ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਬੀੜਾਂ ਦੇਣ ਦਾ ਕੇਂਦਰ ਯੋਗ ਤੇ ਸੁੰਦਰ ਥਾਂ ਤੇ ਸਥਾਪਤ ਕਰਨਾ ਚਾਹੀਦਾ ਹੈ। ਇਸ ਕਾਰਜ ਲਈ ਉਹ ਥਾਂ ਵਧੇਰੇ ਯੋਗ ਹੈ, ਜਿਥੇ ਅਜ ਕਲ ਇਨਫ਼ਰਮੇਸ਼ਨ ਬਿਉਰੋ ਹੈ। ਇਨ-ਫ਼ਰਮੇਸ਼ਨ ਬਿਉਰੋ ਨੂੰ ਕਿਤੇ ਹੋਰ ਬਦਲਿਆ ਜਾ ਸਕਦਾ ਹੈ।

(੫) ਬੀੜਾਂ, ਨਵੀਨ ਹਨ ਜਾਂ ਬਿਰਧ, ਛਪੀਆਂ ਹੋਈਆਂ ਹਨ ਜਾਂ ਲਿਖਤੀ, ਜਿਥੇ ਜ਼ਿਥੇ ਵੀ ਹਨ ਉਨ੍ਹਾਂ ਦੀ ਸੇਵਾ-ਸੰਭਾਲ ਅਤੇ ਸਤਿਕਾਰ ਕਰਨਾ ਸਭ ਸੰਸਥਾਵਾਂ ਅਤੇ ਸਮੁੱਚੀ ਕੌਮ ਦਾ ਪਰਮ ਧਰਮ ਹੈ। ਇਹ ਅਣਗਹਿਲੀ ਕਰਨੀ ਘੋਰ ਅਵੱਗਿਆ ਹੈ, ਜਿਹੜੀ ਇਸ ਸਾਰੀ ਪ੍ਰਸੰਸਾ ਯੋਗ ਸਕੀਮ ਨੂੰ ਨਿਰਾਰਥਕ ਬਣਾ ਕੇ ਰਖ ਦੇਂਦੀ ਹੈ।

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਹੇਠ ਲਿਖੇ ਪਾਠਕਾਂ ਵਲੋਂ ਸੌ ਸੌ ਰੁਪਏ ਪੁੱਜੇ ਹਨ। ਹੇਠ ਲਿਖੇ ਅਨੁਸਾਰ ਸਭ ਦੀਆਂ ਬੈਂਕ ਵਿਚ ਐਫ਼ ਡੀਆਂ ਬਣਵਾ ਦਿੱਤੀਆਂ ਗਈਆਂ ਹਨ :-

| | | | | |
|---|---|---|---|---|
| 215. | ਸ. ਦਰਸ਼ਨ ਸਿੰਘ ਜੀ | [ਚਿਟ ਨੰ: 3215] | 222439/230/77 | ਮਿਤੀ 19-2-77 |
| 216. | ਡਾ: ਹਰਚਰਨ ਸਿੰਘ ਜੀ, ਅੰਮ੍ਰਿਤਸਰ | [ ,, ,, 3216] | 224440/231/77 ,, | ,, |
| 217. | ਸ: ਜਗਮੋਹਨ ਸਿੰਘ ਕਲਾਥ ਮਰਚੈਂਟਸ | [ ,, ,, 3217] | 224441/232/77 ,, | ,, |
| 218. | ਸ: ਹਰਜੀਤ ਸਿੰਘ s/o ਸ: ਸਰਦਾਰ ਸਿੰਘ | [ ,, ,, 3218] | 224412/233/77 ,, | ,, |
| 219. | ਅਨੰਦ ਮੈਡੀਕਲ ਹਾਲ | [ ,, ,, 3219] | 224443/234/77 ,, | ,, |
| 220. | Const. ਬਲਦੇਵ ਸਿੰਘ ਜੀ | [ ,, ,, 3220] | 224444/235/77 ,, | ,, |
| 221. | ਸ: ਕੰਵਲਜੀਤ ਸਿੰਘ ਜੀ ਮੈਨੇਜਰ | [ ,, ,, 3221] | 224445/236/77 ,, | ,, |
| 222. | ਪਾਲ ਹਾਰਡਵੇਅਰ ਸਟੋਰ | [ ,, ,, 3222] | 224446/237/77 ,, | ,, |
| 223. | Smt. ਪਰਦੁਮਨ ਕੌਰ ਜੀ | [ ,, ,, 3223] | 224447/238/77 ,, | ,, |
| 224. | ਸ: ਕੰਵਰ ਸਿੰਘ ਜੀ, ਅੰਮ੍ਰਿਤਸਰ | [ ,, ,, 3224] | 224448/239/77 ,, | ,, |
| 225. | ਸ: ਬਖ਼ਤਾਵਰ ਸਿੰਘ s/o ਗਿ: ਕਰਤਾਰ ਸਿੰਘ ਜੀ | [ ,, ,, 3225] | 224449/240/77 ,, | ,, |

## 'ਸੂਰਾ' ਮਾਸਕ ਪਤਰ ਨੂੰ ਪੁਜੀ ਸਹਾਇਤਾ

| | |
|---|---|
| ਮੈ: ਕਰਮ ਸਿੰਘ ਸਰਵਣ ਸਿੰਘ ਗੁਰਾਇਆ ਵਲੋਂ | 5-00 |
| ਸ. ਜਸਵਿੰਦਰ ਸਿੰਘ ਜੀ ਪਟਿਆਲਾ ਵਲੋਂ | 2-50 |
| ਸ: ਉਜਾਗਰ ਸਿੰਘ ਜੀ ਫਰਵਾਲੀ ਵਲੋਂ ਕਾਕਾ ਹਰਿੰਦਰ ਸਿੰਘ ਦੇ ਆਨੰਦ ਕਾਰਜ ਦੀ ਖੁਸ਼ੀ ਵਿਚ | 11-00 |
| ਸ: ਅਜੀਤ ਸਿੰਘ ਜੀ ਵੇਟਰੇਨੀਅਨ ਕੈਰੋਂ ਵਲੋਂ | 5-00 |
| ਭਾ: ਗੁਰਬਚਨ ਸਿੰਘ ਸਤਨਾਮ ਸਿੰਘ ਨਵਾਂ ਕੋਟ ਅੰਮ੍ਰਿਤਸਰ ਵਲੋਂ ਮਾਤਾ ਕਰਮ ਕੌਰ ਦੀ ਯਾਦ ਵਿਚ | 11-00 |
| ਅਖੰਡ ਕੀਰਤਨੀ ਜੱਥਾ ਗ੍ਰੇਵਜ਼ੈਂਡ ਯੂ. ਕੇ. ਵਲੋਂ | 641-85 |
| ਸ੍ਰੀ ਉਤਮ ਚੰਦ ਜੀ ਚਾਵਲਾ ਅੰਮ੍ਰਿਤਸਰ ਵਲੋਂ ਦੁਕਾਨ ਦੇ ਅਖੰਡ ਪਾਠ ਸਮੇਂ | 38-00 |
| ਸ: ਓਂਕਾਰ ਸਿੰਘ ਜੀ ਪਠਾਨਕੋਟ ਵਲੋਂ ਸ: ਹਰਬੰਸ ਸਿੰਘ ਜੀ ਦੇ ਅੰਤਮ ਭੋਗ ਸਮੇਂ | 25-00 |

ਵਾਹਿਗੁਰੂ ਸਭ ਵੀਰਾਂ ਭੈਣਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਜੀਵਨ ਬਖਸ਼ਣ।

# ਡਾਲੋ ਮਾਜਰਾ ਵਿਖੇ ਸਾਲਾਨਾ ਸਮਾਗਮ

ਹਰ ਸਾਲ ਵਾਂਗ ਡਾਲੋਮਾਜਰਾ ਵਿਖੇ ੨੬ ਮਾਰਚ ਸ਼ਨੀਵਾਰ ਨੂੰ ਕੀਰਤਨ ਸਮਾਗਮ ਹੋ ਰਹੇ ਹਨ। ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਜਿਸ ਦੀ ਸਮਾਪਤੀ ੨੭ ਮਾਰਚ ਐਤਵਾਰ ਸਵੇਰੇ ਹੋਵੇਗੀ। ਦੂਰੋਂ ਨੇੜਿਓਂ ਅਖੰਡ ਕੀਰਤਨੀ ਜੱਥੇ ਪੁਜ ਰਹੇ ਹਨ, ਜੋ ਨਿਰੋਲ ਗੁਰਬਾਣੀ ਦੀਆਂ ਗੂੰਜਾਂ ਪਾ ਕੇ ਗੁਰੂ-ਚਰਨਾਂ ਵਿਚ ਜੋੜਨ ਦਾ ਉਪਰਾਲਾ ਕਰਨਗੇ। ਸਮੂਹ ਮਾਈ ਭਾਈ ਪੁਜ ਕੇ ਲਾਹੇ ਲਾਓ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਪਿੰਡ ਡਾਲੋ ਮਾਜਰਾ ਜੀ. ਟੀ. ਰੋਡ ਉਤੇ, ਸਰਹੰਦ ਅਤੇ ਰਾਜਪੁਰੇ ਦੇ ਦਰਮਿਆਨ ਹੈ। ਸਰਹੰਦ ਤੋਂ ਜਾਂਦਿਆਂ ਸਾਧੂਗੜ੍ਹ ਤੋਂ ਅਗੇ ਇਕ ਕਿਲੋ ਮੀਟਰ ਹੈ।

ਦਰਸ਼ਨ ਅਭਿਲਾਖੀ ਦਾਸਰੇ-ਸਾਧ ਸੰਗਤ, ਡਾਲੋ ਮਾਜਰਾ ਤਸੀਲ ਸਰਹੰਦ

www.AKJ.Org

# ਹੋਲੇ ਮਹੱਲੇ ਦੇ ਕੀਰਤਨ ਸਮਾਗਮ ਅਨੰਦਪੁਰ ਸਾਹਿਬ ਵਿਖੇ

ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ਹੋਲੇ ਮਹੱਲੇ ਦੇ ਅਖੰਡ ਕੀਰਤਨ ਸਮਾਗਮ ਕਲਗੀਆਂ ਵਾਲੇ ਦੀ ਪਿਆਰੀ ਅਨੰਦਪੁਰੀ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ:—

੪ ਮਾਰਚ ਸ਼ੁਕਰਵਾਰ ੫-੦੦ ਤੋਂ ੧੧-੦੦ ਸਵੇਰੇ ਕੀਰਤਨ ਖ਼ਾਲਸਾ ਕਾਲਜ ਵਿਖੇ
੨-੦੦ ਦੁਪਹਿਰ ਅਰੰਭ ਨਗਰ ਕੀਰਤਨ
੬-੦੦ ਤੋਂ ੯-੦੦ ਸ਼ਾਮ ਸੋਦਰ ਦੀ ਚੌਕੀ ਸ੍ਰੀ ਕੇਸਗੜ੍ਹ ਸਾਹਿਬ

੫ ਮਾਰਚ ਸ਼ਨੀਵਾਰ ੫-੦੦ ਸਵੇਰੇ ਅਖੰਡਪਾਠ ਦੇ ਭੋਗ ਤੋਂ ਉਪਰੰਤ ੧-੦੦ ਦੁਪਹਿਰ ਤਕ ਕੀਰਤਨ ਖਾਲਸਾ ਕਾਲਜ ਵਿਖੇ
੩-੦੦ ਦੁਪਹਿਰ ਅੰਮ੍ਰਿਤ-ਸਿੰਚਾਰ ਅਰੰਭ
੭-੦੦ ਸ਼ਾਮ ਰੈਣ ਸਬਾਈ ਕੀਰਤਨ ਅਰੰਭ, ਐਤਵਾਰ ਸਵੇਰੇ ਸਤ ਵਜੇ ਸਮਾਪਤੀ

੬ ਮਾਰਚ ਐਤਵਾਰ ੭-੩੦ ਤੋਂ ੯-੩੦ ਸਵੇਰੇ ਕੀਰਤਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਅਖੰਡ ਕੀਰਤਨੀ ਜੱਥਿਆਂ ਦੀ ਰਿਹਾਇਸ਼ ਲੰਗਰ ਆਦਿ ਦਾ ਪਰਬੰਧ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ ।

# ਭੂਪਾਲ (ਮਧ ਪ੍ਰਦੇਸ਼) ਵਿਖੇ ਅਖੰਡ ਕੀਰਤਨ ਸਮਾਗਮ

ਸ: ਮਹਾਂ ਸਿੰਘ ਜੀ ਕੁਆਟਰ ਨੰਬਰ 443 $N^2$ 'C' ਸੈਕਟਰ, ਗੋਬਿੰਦ ਪੁਰਾ ਭੂਪਾਲ ਤੋਂ ਇਤਲਾਹ ਦਿੰਦੇ ਹਨ ਕਿ ਭੂਪਾਲ B.H.E.L. ਵਿਖੇ ਅਖੰਡ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ ਹੋ ਰਹੇ ਹਨ, ਜਿਸ ਵਿਖੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜੱਥੇ ਦੂਰੋਂ ਨੇੜਿਓਂ ਪੁਜ ਰਹੇ ਹਨ । ਸਮੂਹ ਸੰਗਤਾਂ ਅੰਮ੍ਰਿਤ ਕੀਰਤਨ ਰਸ ਭੁੰਚਣ ਲਈ ਸੰਗੀਆਂ ਸਾਥੀਆਂ ਤੇ ਪਰਵਾਰਾਂ ਸਮੇਤ ਸਮਾਗਮ ਵਿਚ ਪੁਜ ਕੇ ਹਰਿ-ਜਸ ਦੇ ਲਾਹੇ ਲੈਣ ਲਈ ਦਰਸ਼ਨ ਦੀਦਾਰ ਬਖਸ਼ਣ । ਪ੍ਰੋਗਰਾਮ ਇਉਂ ਹੈ :-

੨੨ ਮਾਰਚ ਮੰਗਲਵਾਰ ਸਵੇਰੇ ੪ ਤੋਂ ੫ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਅਰੰਭ ਗੁਰਦਵਾਰਾ ਪਿਪਲਾਨੀ ਵਿਖੇ
ਸ਼ਾਮ ੭-੩੦ ਤੋਂ ੧੦ ਅਖੰਡ ਕੀਰਤਨ ਗੁ: ਗੁਰੂ ਨਾਨਕ ਪੁਰਾ ਵਿਖੇ

੨੩ ਮਾਰਚ ਸਵੇਰੇ ੫ ਤੋਂ ੭-੩੦ ਆਸਾ ਦੀ ਵਾਰ ਦੇ ਕੀਤਰਨ ਗੁਰਦਵਾਰਾ ਟੀ. ਟੀ. ਨਗਰ ਵਿਖੇ
ਸ਼ਾਮ ੭-੩੦ ਤੋਂ ੧੦ ਅਖੰਡ ਕੀਰਤਤ ਗੁ: ਨਾਨਕ ਸੱਰ ਤਲਿਆ ਵਿਖੇ

੨੪ ਮਾਰਚ ਸਵੇਰੇ ਪੰਜ ਵਜੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ੨ ਵਜੇ ਦੁਪਹਿਰ ਤਕ ਅਖੰਡ ਕੀਰਤਨ
ਸ਼ਾਮ ਪੰਜ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ, ਰਾਤ ਨੂੰ ਰੈਣ ਸਬਾਈ ਕੀਰਤਨ ਗੁ: ਪਿਪਲਾਨੀ ਵਿਖੇ

ਰਿਹਾਇਸ਼ ਤੇ ਲੰਗਰ ਦਾ ਪਰਬੰਧ ਗੁਰਦਵਾਰਾ ਪਿਪਲਾਨੀ ਵਿਖੇ ਹੋਵੇਗਾ ।

ਪ੍ਰਾਰਥਕ ਦਾਸਰੇ-ਖ਼ਾਲਸਾ ਸ਼ਹੀਦੀ ਦਲ (ਅਖੰਡ ਕੀਰਤਨੀ ਜੱਥਾ) B H.E.L . ਭੂਪਾਲ

## *ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ*

| | | | | |
|---|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | | ੬-੦੦ | ਗੁਰਮਤਿ ਗੌਰਵਤਾ | ੭-੦੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | | ੩-੦੦ | ਦਰਸ਼ਨ ਝਲਕਾਂ | ੨-੫੦ |
| ਗੁਰਮਤਿ ਰਮਜ਼ਾਂ | | ੧-੩੦ | ਅੰਮ੍ਰਿਤ ਕੀ ਹੈ ? | ੨-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੪-੫੦ | ੬-੫੦ | ਉਮਰ ਕੈਦੀ ਦਾ ਸੁਪਨਾ | ੦-੨੫ |
| ਕੋ ਵਿਰਲਾ ਗੁਰਮਤਿ ਚਲੈ ਜੀਉ | | ੦-੨੦ | ਸਿਖ ਕੌਣ ਹੈ ? | ੦-੨੦ |
| ਸੱਚੀਅ ਦਾੜ੍ਹੀਆਂ | | ੦-੨੦ | ਚਰਨ ਕਮਲ ਕੀ ਮਉਜ | ੦-੭੫ |
| Dawn of Divine Wisdom | | 0-75 | ਅੰਮ੍ਰਿਤ ਕਲਾ | ੦ ੪੦ |

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org